ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 145 | Monday, July 25, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਓਨਟਾਰੀਓ ਵਿਚ ਜ਼ਬਰਦਸਤ ਤੂਫਾਨ ਤੇ ਮੀਂਹ ਪੈਣ ਕਾਰਨ ਬਿਜਲੀ ਸਪਲਾਈ ਹੋਈ ਠੱਪ



ਓਨਟਾਰੀਓ, 24 ਜੁਲਾਈ (ਪੋਸਟ ਬਿਊਰੋ) : ਦੱਖਣੀ ਓਨਟਾਰੀਓ ਵਿੱਚ ਆਏ ਜ਼ਬਰਦਸਤ ਤੂਫਾਨ ਤੇ ਮੀਂਹ ਪੈਣ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਐਨਵਾਇਰਮੈਂਟ ਕੈਨੇਡਾ ਵੱਲੋਂ ਐਤਵਾਰ ਰਾਤ ਨੂੰ ਟੋਰਾਂਟੋ ਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਬਹੁਤੇ ਹਿੱਸਿਆਂ ਵਿੱਚ ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ। ਮੌਸਮ ਏਜੰਸੀ ਨੇ ਆਖਿਆ ਕਿ ਜੀਟੀਏ ਵਿੱਚ 50 ਤੇ 75 ਮਿਲੀਮੀਟਰ ਮੀਂਹ ਪੈ ਸਕਦਾ ਹੈ ਤੇ 70 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ।

ਐਤਵਾਰ ਨੂੰ ਹਾਈਡਰੋ ਵੰਨ ਨੇ ਆਖਿਆ ਕਿ ਇਸ ਸਮੇਂ 26,000 ਕਸਟਮਰਜ਼ ਨੂੰ ਬਿਨਾਂ ਬਿਜਲੀ ਦੇ ਗੁਜ਼ਾਰਾ ਕਰਨਾ ਪੈ ਰਿਹਾ ਹੈ। ਯੂਟਿਲਿਟੀ ਨੇ ਆਖਿਆ ਕਿ ਅਮਲੇ ਵੱਲੋਂ ਜਿੰਨੀ ਤੇਜ਼ੀ ਨਾਲ ਤੇ ਸੁਰੱਖਿਅਤ ਢੰਗ ਨਾਲ ਹੋ ਸਕੇ ਬਿਜਲੀ ਬਹਾਲ ਕਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ।ਐਨਵਾਇਰਮੈਂਟ ਕੈਨੇਡਾ ਨੇ ਇਹ ਚੇਤਾਵਨੀ ਵੀ ਦਿੱਤੀ ਸੀ ਕਿ ਭਾਰੀ ਬਾਰਿਸ਼ ਕਾਰਨ ਅਚਾਨਕ ਹੜ੍ਹਾਂ ਵਾਲੀ ਸਥਿਤੀ ਵੀ ਆ ਸਕਦੀ ਹੈ ਤੇ ਸੜਕਾਂ ਉਤੇ ਪਾਣੀ ਵੀ ਖੜ੍ਹਾ ਹੋ ਸਕਦਾ ਹੈ।

# ਮਿਸੀਸਾਗਾ ਦੇ ਨਾਈਟਕਲੱਬ ਦੇ ਬਾਹਰ ਚੱਲੀ ਗਲੀ, ਮਸ਼ਕੂਕ ਕਾਬੂ




ਮਿਸੀਸਾਗਾ, 24 ਜੁਲਾਈ (ਪੋਸਟ ਬਿਊਰੋ) : ਐਤਵਾਰ ਸਵੇਰ ਨੂੰ ਮਿਸੀਸਾਗਾ ਦੇ ਨਾਈਟਕਲੱਬ ਦੇ ਬਾਹਰ ਚੱਲੀ ਗੋਲੀ ਕਾਰਨ ਤਿੰਨ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਹ ਸ਼ੂਟਿੰਗ ਤੜ੍ਹਕੇ 3:00 ਵਜੇ ਐਗਲਿੰਟਨ ਐਵਨਿਊ ਤੇ ਡਿਕਸੀ ਰੋਡ ਇਲਾਕੇ ਵਿੱਚ ਸਥਿਤ ਨਾਈਟਕਲੱਬ ਦੇ ਬਾਹਰ ਹੋਈ। ਮਸ਼ਕੂਕ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਇੱਕ ਗੱਡੀ ਵਿੱਚ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ ਪਰ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਹੁਰੌਨਤਾਰੀਓ ਸਟਰੀਟ ਨੇੜੇ ਹਾਈਵੇਅ 403 ਉੱਤੇ ਪੱਛਮ ਵਾਲੀਆਂ ਲੇਨਜ਼ ਉੱਤੇ ਰੋਕ ਲਿਆ ਗਿਆ।ਪੁਲਿਸ ਨੇ ਦੱਸਿਆ ਕਿ ਤਿੰਨ ਵਿਅਕਤੀ ਉਨ੍ਹਾਂ ਦੀ ਹਿਰਾਸਤ ਵਿੱਚ ਹਨ। ਸ਼ੂਟਿੰਗ ਵਾਲੀ ਥਾਂ ਉੱਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮੂਲਵਾਸੀ ਲੋਕਾਂ ਨਾਲ ਸੁਲ੍ਹਾ ਦੇ ਇਰਾਦੇ ਨਾਲ ਪੋਪ ਕੈਨੇਡਾ ਪਹੁੰਚੇ



ਐਡਮੰਟਨ, 24 ਜੁਲਾਈ (ਪੋਸਟ ਬਿਊਰੋ) : ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਕੈਥੋਲਿਕ ਚਰਚ ਵੱਲੋਂ ਨਿਭਾਈ ਗਈ ਭੂਮਿਕਾ ਦੇ ਸਬੰਧ ਵਿੱਚ ਮੂਲਵਾਸੀ ਲੋਕਾਂ ਨਾਲ ਸੁਲ੍ਹਾ ਕਰਨ ਦੇ ਇਰਾਦੇ ਨਾਲ ਪੋਪ ਫਰਾਂਸਿਸ ਕੈਨੇਡਾ ਪਹੁੰਚ ਚੁੱਕੇ ਹਨ। ਐਤਵਾਰ ਨੂੰ ਐਡਮੰਟਨ ਵਿੱਚ ਜਹਾਜ਼ ਦੇ ਲੈਂਡ ਕਰਨ ਤੋਂ ਪਹਿਲਾਂ ਪੋਪ ਵੱਲੋਂ ਪੱਤਰਕਾਰਾਂ ਨਾਲ ਕੀਤੀ ਗਈ ਗੱਲਬਾਤ ਵਿੱਚ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਇਸ ਛੇ ਰੋਜ਼ਾ ਦੌਰੇ ਨੂੰ ਸਾਵਧਾਨੀ ਨਾਲ ਸਾਂਭਿਆ ਜਾਣਾ ਜ਼ਰੂਰੀ ਹੈ। ਪੋਪ ਵੱਲੋਂ ਕਿਊਬਿਕ ਤੇ ਇਕਾਲੁਇਟ ਦਾ ਦੌਰਾ ਕੀਤੇ ਜਾਣ ਦੀ ਵੀ ਸੰਭਾਵਨਾ ਹੈ।ਐਡਮੰਟਨ ਦੇ ਏਅਰਪੋਰਟ ਉੱਤੇ ਪੋਪ ਫਰਾਂਸਿਸ ਦਾ ਸਵਾਗਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਗਵਰਨਰ ਜਨਰਲ ਮੈਰੀ ਸਾਇਮਨ ਵੱਲੋਂ ਕੀਤਾ ਗਿਆ। ਇਸ ਮੌਕੇ ਹੋਰ ਚਰਚ ਦੇ ਨੁਮਾਇੰਦੇ, ਮੂਲਵਾਸੀ ਤੇ ਸਿਆਸੀ ਹਸਤੀਆਂ ਵੀ ਮੌਜੂਦ ਸਨ। ਇਸ ਤੋਂ ਬਾਅਦ ਉਹ ਸੇਂਟ ਜੋਸਫ ਸੈਮੀਨਰੀ ਵੀ ਜਾਣਗੇ ਜਿੱਥੇ ਉਹ ਅਲਬਰਟਾ ਦੇ ਦੌਰੇ ਦੌਰਾਨ ਰਹਿਣਗੇ। ਸੋਮਵਾਰ ਨੂੰ ਪੋਪ ਵੱਲੋਂ ਐਡਮੰਟਨ ਦੇ ਦੱਖਣ ਵੱਲ ਮਾਕਵ-ਾਸਿਸ ਕਮਿਊਨਿਟੀ ਦਾ ਦੌਰਾ ਕੀਤਾ ਜਾ ਸਕਦਾ ਹੈ ਜਿੱਥੇ ਪੁਰਾਣਾ ਅਰਮੀਨੇਸਕਿਨ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਸੀ। ਪੋਪ ਫਰਾਂਸਿਸ ਵੱਲੋਂ ਕੈਨੇਡਾ ਵਿੱਚ ਆਪਣਾ ਪਹਿਲਾ ਜਨਤਕ ਬਿਆਨ ਜਾਰੀ ਕੀਤਾ ਜਾਵੇਗਾ ਤੇ ਉਨ੍ਹਾਂ ਵੱਲੋਂ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਤਸੀਹੇ ਸਹਿਣ ਵਾਲੇ ਮੂਲਵਾਸੀ ਲੋਕਾਂ ਤੋਂ ਮੁਆਫੀ ਮੰਗੇ ਜਾਣ ਦੀ ਵੀ ਸੰਭਾਵਨਾ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
BASEMENT Special
Stacked laundry | 30 inch fridge | Electric stove
JULY BOXING WEEK
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਵਾਅਨ ਦੇ ਨਾਈਟ ਕਲੱਬ ਵਿੱਚ ਚੱਲੀ ਗੋਲੀ, 2 ਹਲਾਕ, 1 ਜ਼ਖ਼ਮੀ




ਵਾਅਨ, 24 ਜੁਲਾਈ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਵਾਅਨ, ਓਨਟਾਰੀਓ ਵਿੱਚ ਹੋਈ ਸ਼ੂਟਿੰਗ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਈ। ਉਸ ਨੂੰ ਗੰਭੀਰ ਰੂਪ ਵਿੱਚ ਹਸਪਤਾਲ ਲਿਜਾਇਆ ਗਿਆ।

ਯੌਰਕ ਰੀਜਨਲ ਪੁਲਿਸ ਦੇ ਜਾਂਚਕਾਰਾਂ ਨੇ ਦੱਸਿਆ ਕਿ ਤੜਕੇ 3:30 ਵਜੇ ਜਾਂਚਕਾਰਾਂ ਨੂੰ ਹਾਈਵੇਅ 7 ਤੇ ਕੀਲ ਸਟਰੀਟ ਇਲਾਕੇ ਵਿੱਚ ਸ਼ੂਟਿੰਗ ਦੀ ਰਿਪੋਰਟ ਮਿਲੀ, ਜਿਸ ਤੋਂ ਬਾਅਦ ਉਹ ਫੌਰਨ ਮੌਕਾ-ਏ-ਵਾਰਦਾਤ ਉੱਤੇ ਪਹੁੰਚੇ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਗੋਲੀਆਂ ਲੱਗਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਪੁਲਿਸ ਅਨੁਸਾਰ 25 ਤੇ 22 ਸਾਲਾ ਜ਼ਖ਼ਮੀ ਵਿਅਕਤੀਆਂ ਨੂੰ ਥਾਂ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।
20 ਸਾਲਾ ਲੜਕੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਅਜੇ ਵੀ ਜ਼ੇਰੇ ਇਲਾਜ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਮਸ਼ਕੂਕ, ਭਾਵੇਂ ਇੱਕ ਸੀ ਜਾਂ ਵੱਧ, ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਫਰਾਰ ਹੋ ਗਏ। ਕਿਸੇ ਮਸ਼ਕੂਕ ਦਾ ਅਜੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ।

# ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਵਾਪਰੇ ਹਾਦਸੇ ਵਿੱਚ ਤਿੰਨ ਜ਼ਖ਼ਮੀ




ਇਟੋਬੀਕੋ, 24 ਜੁਲਾਈ (ਪੋਸਟ ਬਿਊਰੋ) : ਇਟੋਬੀਕੋ ਵਿੱਚ ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਵਾਪਰੇ ਹਾਦਸੇ ਵਿੱਚ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਹੀ ਐਮਰਜੰਸੀ ਕ੍ਰਿਊ ਵੀ ਮੌਕੇ ਉੱਤੇ ਪਹੁੰਚ ਗਿਆ।

ਇਹ ਘਟਨਾ ਸਵੇਰੇ ਲੱਗਭਗ 11:28 ਵਜੇ ਪਾਰਕ ਲਾਅਨ ਰੋਡ ਦੇ ਪੱਛਮ ਵੱਲ ਗ੍ਰੈਂਡ ਐਵਨਿਊ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਹਾਦਸੇ ਵਿੱਚ ਜ਼ਖ਼ਮੀ ਹੋਣ ਵਾਲਿਆਂ ਵਿੱਚ ਇੱਕ ਪੁਰਸ਼ ਤੇ ਇੱਕ ਮਹਿਲਾ ਸ਼ਾਮਲ ਸਨ। ਦੋਵਾਂ ਦੀ ਹਾਲਤ ਇਸ ਸਮੇਂ ਸਥਿਰ ਦੱਸੀ ਜਾਂਦੀ ਹੈ।

ਤੀਜੇ ਜ਼ਖ਼ਮੀ ਵਿਅਕਤੀ ਦੀ ਉਮਰ ਤੇ ਲਿੰਗ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹਾਦਸਾ ਕਿਉਂ ਵਾਪਰਿਆ ਤੇ ਪੁਲਿਸ ਡਰਾਈਵਰਾਂ ਨੂੰ ਬਦਲਵੇਂ ਰੂਟ ਅਪਨਾਉਣ ਲਈ ਆਖ ਰਹੀ ਹੈ ਕਿਉਂਕਿ ਇਸ ਏਰੀਆ ਵਿੱਚ ਹਾਦਸੇ ਦੀ ਜਾਂਚ ਚੱਲ ਰਹੀ ਹੈ।

# ਅਮਰੀਕਾ ਦੇ ਵੱਡੇ ਜਰਨੈਲ ਵੱਲੋਂ ਚੀਨ-ਤਾਈਵਾਨ ਵਿਚਾਲੇ ਜੰਗ ਲੱਗਣ ਦੀ ਚਿਤਾਵਨੀ

*** ਚੀਨ ਨੂੰ ਅਮਰੀਕੀ ਸਹਿਯੋਗੀਆਂ ਲਈ ਹੋਰ ਖ਼ਤਰਨਾਕ ਹੋਇਆ ਕਿਹਾ**



ਜਕਾਰਤਾ, 24 ਜੁਲਾਈ, (ਪੋਸਟ ਬਿਊਰੋ)- ਅਮਰੀਕਾ ਦੇ ਚੋਟੀ ਦੇ ਫੌਜੀ ਜਰਨੈਲ ਨੇ ਇੰਡੋ-ਪੈਸੀਫਿਕ ਦੌਰੇ ਮੌਕੇਅੱਜ ਐਤਵਾਰ ਨੂੰ ਇੰਡੋਨੇਸ਼ੀਆ ਵਿੱਚ ਕਿਹਾ ਕਿ ਚੀਨੀ ਫੌਜ ਪਿਛਲੇ ਪੰਜ ਸਾਲਾਂ ਵਿੱਚ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ਾਂ ਲਈ ਜ਼ਿਆਦਾ ਹਮਲਾਵਰ ਤੇ ਖਤਰਨਾਕ ਹੋ ਜਾਣ ਨਾਲ ਤਾਈਵਾਨ ਉੱਤੇ ਚੀਨੀ ਹਮਲੇ ਦਾ ਡਰ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੇ ਜੁਆਇੰਟ ਚੀਫ਼ ਆਫ਼ ਸਟਾਫ਼ ਜਨਰਲ ਮਾਰਕ ਮਿਲੀ ਨੇ ਸਾਫ ਕਿਹਾ ਕਿ ਚੀਨ ਦੇ ਹਵਾਈ ਤੇ ਸਮੁੰਦਰੀ ਜਹਾਜ਼ਾਂ ਵੱਲੋਂਪੈਸੇਫਿਕ ਖੇਤਰ ਵਿੱਚ ਅਮਰੀਕਾ ਅਤੇ ਹੋਰ ਭਾਈਵਾਲਾਂ ਦੀਆਂ ਫ਼ੌਜਾਂ ਅੱਗੇਰੋਕਾਂ ਪੈਦਾ ਕਰਨ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।ਵਰਨਣ ਯੋਗ ਹੈ ਕਿ ਜਨਰਲ ਮਾਰਕ ਦੀ ਯਾਤਰਾ ਮੁੱਖ ਤੌਰ ਉੱਤੇ ਖੇਤਰ ਵਿਚ ਚੀਨ ਤੋਂ ਵਧਦੇ ਖ਼ਤਰੇ ਉੱਤੇ ਕੇਂਦਰਿਤ ਹੈ ਅਤੇ ਹਫਤੇ ਦੇ ਅੰਤ ਵਿੱਚ ਉਹ ਸਿਡਨੀ (ਆਸਟ੍ਰੇਲੀਆ)ਵਿੱਚ ਇੰਡੋ-ਪੈਸੀਫਿਕ ਫੌਜਾਂ ਦੇ ਮੁਖੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਇਹ ਬੈਠਕ ਚੀਨ ਦੀ ਵਧਦੀ ਫੌਜੀ ਸ਼ਕਤੀ ਅਤੇ ਇੰਡੋ-ਪੈਸੀਫਿਕ ਖੇਤਰ ਨੂੰ ਤਨਾਅ ਮੁਕਤ ਰੱਖਣ ਦੀ ਲੋੜ ਉੱਤੇ ਕੇਂਦਰਿਤ ਹੋਵੇਗੀ।

ਦੂਸਰੇ ਪਾਸੇ ਚੀਨ ਨੇ ਅੱਜ ਫਿਰ ਅਮਰੀਕੀਪਾਰਲੀਮੈਂਟ ਦੇ ਹੇਠਲੇ ਹਾਊਸ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਨਸੀ ਪੈਲੋਸੀ ਦੀ ਅਗਸਤ ਵਿਚਹੋ ਰਹੀ ਤਾਈਵਾਨ ਫੇਰੀ ਬਾਰੇ ਅਮਰੀਕਾ ਨੂੰ ਚਿਤਾਵਨੀ ਦੇਦਿੱਤੀ ਹੈ।ਇਸ ਬਾਰੇ ਰਿਪੋਰਟ ਮੁਤਾਬਕ ਇਸ ਵਾਰ ਚੀਨ ਨੇ ਪਹਿਲਾਂ ਤੋਂਵੱਧ ਸਖ਼ਤ ਰੁਖ਼ ਅਪਣਾਇਆ ਹੈ। ਪਿਛਲੇ ਦਿਨੀਂਅਮਰੀਕੀਸਰਕਾਰ ਨੂੰ ਚੀਨ ਨੇ ਅਗਸਤ ਵਿੱਚ ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੈਨਸੀ ਪੇਲੋਸੀ ਦੀ ਤਾਈਵਾਨ ਦੇਦੌਰੇ ਬਾਰੇ ਸਿੱਧੀ ਚਿਤਾਵਨੀ ਦੇ ਕੇ ਉਨ੍ਹਾਂ ਨੂੰ ਇਸ ਪਾਸਿਉਂ ਦੂਰ ਰਹਿਣ ਨੂੰ ਕਿਹਾ ਸੀ। ਪਹਿਲਾਂ ਜੁਆਇੰਟ ਚੀਫਸ਼ ਆਫ਼ ਸਟਾਫ ਦੀ ਵਰਚੁਅਲ ਮੀਟਿੰਗ ਵੇਲੇ ਚੀਨ ਨੇ ਕਿਹਾ ਸੀ ਕਿ ਤਾਇਵਾਨ ਨੂੰ ਅਮਰੀਕਾ ਫੌਜੀ ਮਦਦ ਬੰਦ ਕਰੇ,ਵਰਨਾ ਰਿਸ਼ਤੇ ਹੋਰ ਵਿਗੜ ਸਕਦੇ ਹਨ।

# ਬੇਅਦਬੀ ਤੇ ਗੋਲੀ ਕਾਂਡ ਕੇਸ : ਸਰਕਾਰ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਛੇ ਮਹੀਨੇ ਦਾ ਸਮਾਂ ਮੰਗਿਆ

*** ਪੀੜਤ ਪਰਵਾਰਾਂ ਵੱਲੋਂ 31 ਨੂੰ ਇਕੱਠ ਕਰਨ ਦਾ ਐਲਾਨ**



ਫਰੀਦਕੋਟ, 24 ਜੁਲਾਈ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਦੇ ਬੇਅਦਬੀ ਤੇ ਉਸ ਪਿੱਛੋਂ ਦੇ ਗੋਲੀ ਕਾਂਡ ਬਾਰੇ ਬਹਿਬਲ ਇਨਸਾਫ ਮੋਰਚੇ ਵਿੱਚਆਮ ਆਦਮੀ ਪਾਰਟੀ ਦੀ ਸਰਕਾਰ ਦੇ ਐਡਵੋਕੇਟ ਜਨਰਲ ਵੱਲੋਂ ਐਡਵੋਕੇਟ ਸੰਤੋਖਇੰਦਰ ਸਿੰਘ ਨਾਭਾ ਦੀ ਅਗਵਾਈ ਵਿੱਚ ਭੇਜੀ ਪੰਜ ਵਕੀਲਾਂ ਦੀ ਟੀਮ ਸਮੇਤ ਇੱਕ ਵਫਦ ਅੱਜ ਗੱਲਬਾਤ ਕਰਨ ਪੁੱਜਾ। ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਮੰਤਰੀ ਹਰਜੋਤ ਸਿੰਘ ਬੈਂਸ, ਵਿਧਾਇਕ ਅਮੋਲਕ ਸਿੰਘ ਜੈਤੋ ਅਤੇ ਗੁਰਦਿੱਤ ਸਿੰਘ ਸੇਖੋਂ ਫਰੀਦਕੋਟ ਅਤੇ ਐਡਵੋਕੇਟ ਜਨਰਲ ਦੀ ਲੀਗਲ ਟੀਮ ਦੇ ਚਾਰ ਘੰਟੇ ਦੇ ਯਤਨਾਂ ਦੇ ਬਾਵਜੂਦ ਗੱਲਬਾਤ ਸਿਰੇ ਨਹੀਂ ਚੜ੍ਹੀ ਅਤੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਹਿਦਿੱਤਾ ਕਿ ਉਹ ਅਗਲੇ ਪ੍ਰੋਗਰਾਮ ਲਈ31 ਜੁਲਾਈ ਨੂੰ ਸਿੱਖ ਜਥੇਬੰਦੀਆਂ ਦਾਇਕੱਠ ਕਰ ਕੇ ਸੰਗਤ ਦਾ ਫੈਸਲਾ ਮੰਗਣਗੇ।
ਇਸ ਮੌਕੇ ਪੰਜਾਬ ਸਰਕਾਰ ਦੀ ਟੀਮ ਨੇ 6 ਮਹੀਨਿਆਂ ਦੀ ਹੋਰ ਸਮਾਂ ਮੰਗੇ ਵਿਸ਼ਵਾਸ ਦਿੱਤਾ ਕਿ ਬੇਅਦਬੀ ਅਤੇ ਗੋਲੀ-ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣਾਸਰਕਾਰ ਦਾ ਜ਼ਿੰਮਾ ਹੈ।ਉਨ੍ਹਾਂ ਕਿਹਾ ਸ੍ਰੀ ਗੁਰੂ ਗ੍ਰੰਥ ਚੋਰੀ ਹੋਣ, ਭੜਕਾਊ ਪੋਸਟਰ ਲੱਗਣ, ਬੇਅਦਬੀ ਕਾਂਡ ਅਤੇ ਸ਼ਾਂਤਮਈ ਧਰਨੇ ਉੱਤੇ ਬੈਠੀ ਸੰਗਤ ਉੱਤੇਹੋਏਅੱਤਿਆਚਾਰ ਦੇ ਮਾਮਲਿਆਂ ਦਾ ਇਨਸਾਫਸਰਕਾਰ ਜ਼ਰੂਰ ਦੇਵੇਗੀ। ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ 7 ਸਾਲ ਸਾਨੂੰ ਜਲੀਲ ਕੀਤਾ ਗਿਆਹੈ ਅਤੇ ਦੋਸ਼ੀਆਂ ਨੂੰ ਸਰਕਾਰ ਨੇ ਸੁਰੱਖਿਆ ਕਰਮਚਾਰੀ ਦਿੱਤੇ ਹੋਏ ਹਨ।ਉਨ੍ਹਾਂ ਦੱਸਿਆ ਕਿ ਇਸੇ ਸਾਲ 6 ਅਪ੍ਰੈਲ ਨੂੰ ਸਰਕਾਰ ਨੇ ਤਿੰਨ ਮਹੀਨੇਮੰਗੇ ਸਨ, ਫਿਰ ਮੰਗੇ 15 ਦਿਨ ਵੀ ਨਿਕਲ ਗਏ, ਪਰ ਸਰਕਾਰ ਕਿਸੇ ਨਤੀਜੇ ਉੱਤੇ ਨਹੀਂ ਪੁੱਜੀ। ਵੋਟਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂ ਹਰ ਸਟੇਜ ਤੋਂ ਵੱਡੇ-ਵੱਡੇ ਦਾਅਵੇ ਕਰਦੇ ਸਨ ਕਿ ਬੇਅਦਬੀ ਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ 24 ਘੰਟਿਆਂ ਦੇ ਅੰਦਰ ਸਜ਼ਾਵਾਂ ਦਿਵਾਉਣਗੇ, ਪਰ ਸਰਕਾਰ ਬਣਨ ਦੇ 4 ਮਹੀਨੇ ਬੀਤਣ ਪਿੱਛੋਂ ਵੀ ਇਸ ਉੱਤੇ ਅਮਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸੰਗਤ ਹੋਰ ਸਮਾਂ ਦੇਣ ਨੂੰ ਸਹਿਮਤ ਨਹੀਂ। ਪੰਜਾਬ ਸਰਕਾਰ ਦਾ ਵਫਦ ਮੁੜਨ ਪਿੱਛੋਂ ਸਟੇਜ ਤੋਂ ਐਲਾਨ ਹੋਇਆ ਕਿ 31 ਜੁਲਾਈ ਨੂੰ ਇਸ ਮੰਚ ਤੋਂ ਸੰਗਤ ਦੇ ਇਕੱਠ ਵਿੱਚ ਅਗਲੇ ਸ਼ੰਘਰਸ਼ ਦੀ ਰੂਪਰੇਖਾ ਐਲਾਨ ਕੀਤੀ ਜਾਵੇਗੀ।

# ਟਿਊਬਵੈਲਾਂ ਦਾ ਲੋਡ ਵਧਾਉਣ ਦਾ ਵੀ ਡੀ ਐਸ ਸਮਾਂ 15 ਸਤੰਬਰ ਤਕ ਵਧਾਇਆ ਗਿਆ

*** ਵੱਧ ਤੋਂ ਵੱਧ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਕਦਮ ਚੁੱਕਿਆ**

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ)-ਪੰਜਾਬ ਵਿੱਚਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਟਿਊਬਵੈਲਾਂ ਦਾ ਲੋਡ ਵਧਾਉਣ ਦੇ ਚਾਹਵਾਨ ਕਿਸਾਨਾਂ ਨੂੰ ਰਾਹਤ ਦਿੰਦਿਆਂ ਸਵੈ ਇੱਛਾ ਨਾਲ ਲੋਡ ਦਾ ਪ੍ਰਗਟਾਵਾ ਸਕੀਮ (ਵੀ ਡੀ ਐਸ) ਦੀ ਮਿਆਦ ਮਿਤੀ 15 ਸਤੰਬਰ ਤਕ ਵਧਾ ਦਿੱਤੀ ਹੈ।

ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਦੀ ਸਹੂਲਤ ਲਈ ਰਾਜ ਸਰਕਾਰ ਨੇਇਹ ਫੈਸਲਾ 10 ਜੂਨ ਨੂੰ ਸਿਰਫ 45 ਦਿਨਾਂ ਵਾਸਤੇ 24 ਜੁਲਾਈ ਤਕ ਲਈ ਕੀਤਾ ਸੀ, ਜਿਸ ਦੇ ਤਹਿਤ ਟਿਊਬਵੈਲਾਂ ਦਾ ਲੋਡ ਵਧਾਉਣ ਦੀ ਫੀਸ 4750 ਰੁਪਏ ਤੋਂ ਘਟਾ ਕੇ 2500 ਰੁਪਏ ਪ੍ਰਤੀ ਹਾਰਸ ਪਾਵਰ ਕੀਤੀ ਸੀ। ਉਨ੍ਹਾ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੇ 1.28 ਲੱਖ ਕਿਸਾਨਾਂ ਨੇ ਇਸ ਸਕੀਮ ਦਾ ਲਾਭ ਲੈ ਕੇ 123 ਕਰੋੜ ਰੁਪਏ ਬਚਾਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੇ ਹੁੰਗਾਰੇ ਨੂੰ ਵੇਖ ਕੇ ਸੂਬਾ ਸਰਕਾਰ ਨੇ ਇਹ ਸਕੀਮ 15 ਸਤੰਬਰ ਤਕ ਵਧਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨ ਆਪਣੇ ਟਿਊਬਵੈਲਾਂ ਦਾ ਲੋਡ ਵਧਾਉਣਾ ਚਾਹੁਣ, ਉਹ ਅੱਧ ਸਤੰਬਰ ਤਕ ਅਰਜ਼ੀ ਦੇ ਸਕਦੇ ਹਨ। ਉਨ੍ਹਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਘਟੀਆਂ ਹੋਈਆਂ ਦਰਾਂ ਉਤੇ ਲੋਡ ਵਧਾਉਣ ਲਈ ਅਪਲਾਈ ਕਰਨ।

EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਆਪ ਪਾਰਟੀ ਵਿਧਾਇਕ ਅੰਗੁਰਾਲ ਵੱਲੋਂ ਅਫਸੋਸ ਪ੍ਰਗਟ ਕਰਨ ਪਿੱਛੋਂ ਮੁਲਾਜ਼ਮ ਕੰਮ ਕਰਨਾ ਮੰਨੇ

## * ਡੀ ਸੀ ਦਫਤਰ ਵਿੱਚ ਹੰਗਾਮਾ ਕੀਤਾ ਸੀ ਅੰਗੁਰਾਲ ਨੇ



ਜਲੰਧਰ, 24 ਜੁਲਾਈ, (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਦਫ਼ਤਰ ਜਲੰਧਰ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਲਾਉਣ ਦੇ ਬਾਅਦ ਹੰਗਾਮਾ ਕਰਨ ਨਾਲ ਵਿਵਾਦਾਂ ਵਿੱਚ ਘਿਰ ਗਏ ਜਲੰਧਰ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਅੱਜ ਬੀਬਾ-ਰਾਣਾ ਬਣ ਗਏ। ਮੁਲਾਜ਼ਮਾਂ ਦੇ ਤਿੱਖੇ ਵਿਰੋਧ ਤੇ ਹੜਤਾਲ ਦੀ ਚਿਤਾਵਨੀ ਪਿੱਛੋਂ ਉਨ੍ਹਾਂ ਨੇ ਆਪਣੇ ਬਿਆਨ ਉੱਤੇ ਅਫਸੋਸ ਪ੍ਰਗਟ ਕੀਤਾ ਤਾਂ ਮਾਮਲਾ ਸ਼ਾਂਤ ਹੋਇਆ ਹੈ।

ਅੱਜ ਐਤਵਾਰ ਵਿਧਾਇਕ ਰਮਨ ਅਰੋੜਾ ਤੇ ਵਿਧਾਇਕ ਸ਼ੀਤਲ ਅੰਗੁਰਾਲ ਨੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨਾਲ ਮੀਟਿੰਗ ਕੀਤੀ ਅਤੇ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਉਨ੍ਹਾਂ ਦਾ ਨਿਸ਼ਾਨਾ ਡਿਪਟੀ ਕਮਿਸ਼ਨਰ ਦਫ਼ਤਰ ਦੇ ਮੁਲਾਜ਼ਮ ਤੇ ਅਧਿਕਾਰੀ ਨਹੀਂ, ਏਜੰਟ ਹਨ, ਜੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਮਾਫੀ ਮੰਗਣ ਲਈ ਤਿਆਰ ਹਾਂ। ਇਸ ਪਿੱਛੋਂ ਮੁਲਾਜ਼ਮ ਕੰਮ ਉੱਤੇ ਆਉਣਾ ਮੰਨ ਗਏ।ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਵਿਧਾਇਕ ਸ਼ੀਤਲ ਅੰਗੁਰਾਲ ਨੇ ਡੀਸੀ ਦਫਤਰ ਜਾ ਕੇ ਡਿਪਟੀਕਮਿਸ਼ਨਰ ਜਸਪ੍ਰੀਤ ਸਿੰਘ ਦੇ ਸਾਹਮਣੇ ਭ੍ਰਿਸ਼ਟਾਚਾਰ ਤੇ ਬੇਅਦਬੀ ਦੇ ਦੋਸ਼ ਲਾ ਕੇ ਮੁਲਾਜ਼ਮਾਂ ਉੱਤੇ ਕਾਰਵਾਈ ਦੀ ਮੰਗ ਕੀਤੀ ਸੀ। ਇਸ ਵਿਰੁੱਧ ਡੀਸੀ ਦਫ਼ਤਰ ਕਰਮਚਾਰੀ ਯੂਨੀਅਨ ਦੀ ਜੁਆਇੰਟ ਐਕਸ਼ਨ ਕਮੇਟੀ ਨੇ ਸੋਮਵਾਰ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਦਾ ਸੱਦਾਦੇ ਦਿੱਤਾ ਸੀ।ਅੱਜ ਐਤਵਾਰ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਮੁਆਫੀ ਮੰਗਣ ਦੇ ਬਿਆਨ ਤੋਂ ਗੱਲ ਵਧਣ ਤੋਂ ਰੁਕ ਗਈ ਹੈ।

## ਅੱਜ ਨਾਮਾ >>

ਰਾਜਨੀਤੀ ਦੀ ਮਾਸਾ ਨਹੀਂ ਸਮਝ ਆਉਂਦੀ,
ਰਸਤਾ ਕਿਧਰ ਵੱਲ ਕਦੋਂ ਇਹ ਫੜੂ ਬੇਲੀ।
ਜਿਹੜਾ ਆਗੂ ਅੱਜ ਕਿਸੇ ਦਾ ਯਾਰ ਦਿੱਸਦਾ,
ਪਤਾ ਨਹੀਂ ਨਾਲ ਉਹਦੇ ਕਦ ਕੁ ਲੜੂ ਬੇਲੀ।
ਗਾਉਂਦਾ ਗੀਤ ਹੈ ਜਿਹੜੇ ਦੇ ਪਿਆ ਜਿਹੜਾ,
ਉਹੀਓ ਭਲਕ ਨੂੰ ਦੂਸ਼ਣ ਜਿਹਾ ਘੜੂ ਬੇਲੀ।
ਬਦਨਾਮੀ ਕਰਨ ਲਈ ਯਾਰ ਦੀ ਜੱਗ ਅੰਦਰ,
ਸੱਦ-ਸੱਦ ਮੀਡੀਆ ਦੂਸ਼ਣ ਉਹ ਜੜੂ ਬੇਲੀ।
ਰਾਜਨੀਤੀ ਵਿੱਚ ਕਿਸੇ ਦਾ ਸਕਾ ਕੋਈ ਨਹੀਂ,
ਕੁਰਸੀ ਪਿੱਛੇ ਇਹ ਸਾਰਾ ਕੁਝ ਕਰਨ ਬੇਲੀ।
ਮਿਲੀ ਮਾਇਆ ਤਾਂ ਬੁਗਨੀਆਂ ਭਰਨ ਬੇਲੀ,
ਪੈ ਗਿਆ ਛਾਪਾ ਤੇ ਹੋਵੇ ਨਹੀਂ ਜਰਨ ਬੇਲੀ।

**ਤੀਸ ਮਾਰ ਖਾਂ**

## ਭਾਰਤ ਦੇ 'ਗੋਲਡਨ ਬੁਆਏ' ਨੀਰਜ ਚੋਪੜਾ ਨੇ ਵਿਸ਼ਵ ਚੈਂਪੀਅਨਸ਼ਿਪ ਦਾ ਚਾਂਦੀ ਤਗਮਾ ਜਿੱਤਿਆ



ਵਾਸ਼ਿੰਗਟਨ, 24 ਜੁਲਾਈ, (ਪੋਸਟ ਬਿਊਰੋ)- ਭਾਰਤ ਦੇ ਗੋਲਡਨ ਬੁਆਏ ਨੀਰਜ ਚੋਪੜਾ ਨੇ ਅੱਜ ਫਿਰ ਇਤਿਹਾਸ ਰਚ ਦਿੱਤਾ ਹੈ।ਉਸ ਨੇ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਦੇ ਜੈਵਲਿਨ ਥਰੋਅ ਈਵੈਂਟ ਵਿੱਚ 88.13 ਮੀਟਰ ਦੂਰੀ ਉੱਤੇ ਜੈਵਲਿਨ ਸੁੱਟ ਕੇ ਦੇਸ਼ ਲਈ ਸਿਲਵਰ ਮੈਡਲ ਜਿੱਤ ਲਿਆ ਅਤੇ ਉਹ ਵਿਸ਼ਵ ਚੈਂਪੀਅਨਸ਼ਿਪਦਾ ਸਿਲਵਰ ਮੈਡਲ ਜਿੱਤਣ ਵਾਲੇ ਭਾਰਤ ਦੇ ਪਹਿਲੇ ਮਰਦ ਅਥਲੀਟ ਬਣ ਗਏ ਹਨ। ਅਮਰੀਕਾ ਦੇ ਯੂਜੀਨ ਵਿੱਚ ਖੇਡੀ ਜਾ ਰਹੀ ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਗ੍ਰੇਨਾਡਾ ਦੇ ਐਂਡਰਸਨ ਪੀਟਰਸ ਨੇ ਸੋਨ ਤਗਮਾ ਜਿੱਤਿਆ ਤੇ ਨੀਰਜ ਨੇ ਦੂਸਰੇ ਸਥਾਨ ਉੱਤੇਰਹੇ।ਚੈਂਪੀਅਨਸ਼ਿਪ ਵਿੱਚ ਨੀਰਜ ਦੇ ਨਾਲ ਰੋਹਿਤ ਯਾਦਵ ਵੀ ਫਾਈਨਲਤੱਕ ਪੁੱਜ ਗਿਆ, ਪਰ ਉਹ 10ਵੇਂ ਨੰਬਰ ਉੱਤੇ ਰਹਿ ਕੇ ਤਗਮੇ ਦੀ ਦੌੜ ਤੋਂ ਨਿਕਲ ਗਿਆ। ਓਲੰਪਿਕ ਚੈਂਪੀਅਨ ਨੀਰਜ ਚੋਪੜਾ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਦਾ ਤਮਗਾ ਜਿੱਤਣ ਵਾਲਾ ਦੂਜਾ ਭਾਰਤੀ ਤੇ ਜੈਵਲਿਨ ਥਰੋਅ ਵਿੱਚ 88.13 ਮੀਟਰ ਥਰੋਅ ਨਾਲ ਚਾਂਦੀ ਤਮਗਾ ਜਿੱਤਣ ਵਾਲਾ ਪਹਿਲਾ ਭਾਰਤੀ ਅਥਲੀਟ ਬਣਿਆ ਹੈ।ਸਾਲ 2003 ਵਿਚ ਪੈਰਿਸ ਵਿਚ ਅੰਜੂ ਬੌਬੀ ਜਾਰਜਨੇ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਰਤ ਲਈ ਇਕਲੌਤਾ ਤਮਗਾ ਲੰਬੀ ਛਾਲ ਵਿੱਚ ਸਿਲਵਰ ਮੈਡਲ ਦਾ ਹੀ ਜਿੱਤਿਆ ਸੀ।

## ਨਸ਼ਾ ਤਸਕਰੀ ਕਰਨ ਦਾ ਨਵਾਂ ਜੁਗਾੜ: ਐਂਬੂਲੈਂਸ ਵਿੱਚ ਲਿਟਾਏ ਹੋਏ 'ਮਰੀਜ਼' ਦੇ ਸਿਰਹਾਣੇ ਵਿੱਚੋਂ ਪੁਲਸ ਨੇ 8 ਕਿਲੋ ਅਫ਼ੀਮ ਫੜੀ



ਚੰਡੀਗੜ੍ਹ, 24 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਨਸ਼ਾ ਤਸਕਰੀ ਦੇ ਨਵੇਂ ਜੁਗਾੜ ਦਾ ਭੇਦ ਖੁੱਲ੍ਹਾ ਹੈ।ਐਂਬੂਲੈਂਸ ਦੀ ਆਢ ਹੇਠ ਨਸ਼ਾ ਸਪਲਾਈ ਕਰਦੇ ਗੈਂਗ ਦਾ ਮੁਹਾਲੀ ਪੁਲਿਸ ਨੇ ਪਰਦਾਫਾਸ਼ ਕੀਤਾ ਅਤੇ 8 ਕਿਲੋ ਅਫ਼ੀਮ ਐਂਬੂਲੈਂਸ ਵਿੱਚ ਲਿਟਾਏ ਨਕਲੀ 'ਮਰੀਜ਼' ਦੇ ਸਿਰਹਾਣੇ ਵਿੱਚੋਂ ਬਰਾਮਦ ਕੀਤੀ ਹੈ।

ਮੁਹਾਲੀ ਦੇ ਐਸਐਸਪੀ ਵਿਵੇਕਸ਼ੀਲ ਸੋਨੀ ਮੁਤਾਬਕ ਐਸਪੀ (ਡੀ) ਅਮਨਦੀਪ ਸਿੰਘ ਬਰਾੜ ਦੀ ਨਿਗਰਾਨੀ ਹੇਠ ਜ਼ਿਲਾ ਸੀਆਈਏ ਸਟਾਫ ਦੇ ਮੁਖੀ ਇੰਸਪੈਕਟਰ ਸ਼ਿਵ ਕੁਮਾਰ ਦੀ ਟੀਮ ਨੇ ਅੰਬਾਲਾ-ਚੰਡੀਗੜ੍ਹ ਹਾਈਵੇਅ ਉੱਤੇ ਪਿੰਡ ਦੱਪਰ ਨੇੜੇ ਟੌਲ ਪਲਾਜ਼ਾ ਵਿਖੇ ਨਾਕੇ ਦੌਰਾਨ ਅੰਬਾਲਾ ਤੋਂ ਆਈ ਐਂਬੂਲੈਂਸ ਰੋਕ ਕੇ ਚੈਕਿੰਗ ਕੀਤੀ ਤਾਂ ਇਸਵਿੱਚਇੱਕ ਵਿਅਕਤੀ ਮਰੀਜ਼ ਵਾਂਗਲੇਟਿਆ ਸੀ ਤੇ ਦੂਸਰਾ ਨਾਲ ਦੇਖਭਾਲ ਲਈ ਬੈਠਾ ਸੀ।ਐਂਬੂਲੈਂਸਵਿੱਚ ਮੈਡੀਕਲ ਟੀਮ ਦਾ ਮੈਂਬਰ ਨਾ ਹੋਣ ਅਤੇ ਨਾ ਆਕਸੀਜਨ ਸਿਲੰਡਰ ਜਾਂ ਫਸਟ-ਏਡ ਕਿੱਟ ਨਾ ਹੋਣ ਤੋਂ ਸ਼ੱਕ ਪਿਆ ਤਾਂ ਐਂਬੂਲੈਂਸ ਚੈਕ ਕੀਤੀ ਗਈ। ਇਸ ਵਿੱਚ ਨਕਲੀ'ਮਰੀਜ਼' ਦੇ ਸਿਰਹਾਣੇ ਵਿੱਚੋਂ 8 ਕਿੱਲੋ ਅਫੀਮ ਮਿਲੀ।ਇਸ ਪਿੱਛੋਂ ਡਰਾਈਵਰ ਸਮੇਤ ਤਿੰਨਾਂ ਜਣਿਆਂਦੇ ਖਿਲਾਫ਼ ਲਾਲੜੂ ਥਾਣੇ ਵਿੱਚਕੇਸ ਦਰਜ ਕਰ ਕੇ ਉਨ੍ਹਾਂ ਗ੍ਰਿਫਤਾਰ ਕਰ ਲਿਆ ਗਿਆ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਜੇਲ੍ਹਾਂ ਅੰਦਰ ਨਸ਼ੇ ਦੀ ਮਾਰ: ਡੋਪ ਟੈਸਟ ਵਿੱਚ ਅੰਮ੍ਰਿਤਸਰ ਕੇਂਦਰੀ ਜੇਲਦੇ 1900 ਕੈਦੀਆਂ ਵਿੱਚੋਂ 900 ਨਸ਼ੇੜੀ ਨਿਕਲੇ



ਚੰਡੀਗੜ੍ਹ, 24 ਜੁਲਾਈ, (ਪੋਸਟ ਬਿਊਰੋ)- ਪੰਜਾਬ ਪੁਲਿਸ ਨੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਕੈਦੀਆਂ ਦਾ ਡੋਪ ਟੈਸਟ ਕਰਵਾਇਆ ਤਾਂ ਇਸ ਵਿੱਚ ਸਨਸਨੀਖੇਜ਼ ਭੇਦ ਖੁੱਲ੍ਹਾ ਹੈ। ਸਿਹਤ ਵਿਭਾਗ ਦੀ ਟੀਮ ਨੇ 1900 ਕੈਦੀਆਂ ਦੀ ਜਾਂਚ ਕੀਤੀ ਤਾਂਇਨ੍ਹਾਂਵਿੱਚੋਂ 900 ਕੈਦੀ ਨਸ਼ੀਲੇ ਪਦਾਰਥ ਲਗਾਤਾਰ ਵਰਤਣ ਦੇ ਆਦੀ ਪਾਏ ਗਏ ਹਨ।

ਪੰਜਾਬ ਸਰਕਾਰ ਦੀ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਦੀ ਮੁਹਿੰਮ ਹੇਠ ਬੀਤੇ ਦਿਨੀਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਕੈਦੀਆਂ ਦੇ ਡੋਪ ਟੈਸਟ ਕੀਤੇ ਤਾਂ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਕੈਦੀ ਪੌਜ਼ਟਿਵ ਮਿਲੇ ਸਨ। ਇਸ ਤੋਂ ਸਾਫ ਸੀ ਕਿ ਪੰਜਾਬ ਦੀਆਂ ਜੇਲ੍ਹਾਂ ਅੰਦਰ ਨਸ਼ਾ ਧੜੱਲੇ ਨਾਲ ਪਹੁੰਚਦਾ ਹੈ। ਪਿਛਲੇ ਦਿਨੀਂ ਗੋਇੰਦਵਾਲ ਸਾਹਿਬ ਜੇਲ੍ਹ ਵਿਚੋਂ ਵੀ ਇੱਕ ਪੁਲਿਸ ਮੁਲਾਜ਼ਮ ਤੋਂ ਨਸ਼ੇ ਦੀਆਂ ਗੋਲੀਆਂ ਅਤੇ ਬੀੜੀਆਂ ਮਿਲੀਆਂ ਸਨ, ਜਿਹੜੀਆਂ ਉਹ ਆਪਣੇ ਗੁਪਤ ਅੰਗਾਂ ਵਿੱਚ ਲੁਕਾ ਕੇ ਜੇਲ੍ਹ ਦੇ ਅੰਦਰ ਲੈ ਗਿਆ ਅਤੇ ਫੜਿਆ ਗਿਆ ਸੀ।ਕੁਝ ਦਿਨ ਪਹਿਲਾਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੇ ਡੋਪ ਟੈਸਟ ਕਰਨ ਦੇ ਹੁਕਮ ਦਿੱਤੇ ਸਨ।ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਕਰੀਬ 4000 ਕੈਦੀ ਹਨ। ਪਿਛਲੇ ਸਾਲ ਜੇਲ੍ਹਾਂ ਦੀ ਸੁਰੱਖਿਆ ਵਿੱਚ ਸੀਆਰਪੀਐਫ ਲੱਗੀ ਹੋਣ ਦੇ ਬਾਵਜੂਦ ਨਸ਼ੇ ਤੇ ਮੋਬਾਈਲ ਫੋਨ ਪਹੁੰਚਣ ਦੀ ਗੱਲ ਪਤਾ ਲੱਗੀ ਸੀ। ਇਸ ਵਾਰੀ ਜੇਲ੍ਹ ਵਿੱਚ ਕਰੀਬ 4000 ਕੈਦੀਆਂ ਵਿੱਚੋਂ 1900 ਕੈਦੀਆਂ ਦੇ ਪਿਸ਼ਾਬ ਦੇ ਨਮੂਨੇ ਲਏ ਗਏ ਤਾਂ ਇਨ੍ਹਾਂਵਿੱਚੋਂ ਕਰੀਬ 900 ਕੈਦੀਆਂ ਦੀ ਰਿਪੋਰਟ ਪਾਜ਼ੇਟਿਵ ਆਈ ਹੈ।

# ਸਰਬ ਸਾਂਝੇ ਯੁੱਗ ਕਵੀ ਸੁਰਜੀਤ ਪਾਤਰ ਨੂੰ ਮਿਲੇਗਾ ਵਾਰਿਸ਼ ਸ਼ਾਹ ਅੰਤਰ ਰਾਸ਼ਟਰੀ ਅਵਾਰਡ



ਜਲੰਧਰ, 24 ਜੁਲਾਈ (ਪੋਸਟ ਬਿਉਰੋ ) ਲਹਿੰਦੇ ਪੰਜਾਬ ਦੇ ਅਦੀਬਾਂ ਵਲੋਂ ਦਿੱਤਾ ਜਾ ਰਿਹਾ "ਵਾਰਿਸ਼ ਸ਼ਾਹ ਅੰਤਰ ਰਾਸ਼ਟਰੀ ਅਵਾਰਡ" ( ) ਸਰਬ ਸਾਂਝੇ ਯੁੱਗ ਕਵੀ ਸੁਰਜੀਤ ਪਾਤਰ ਨੂੰ ਮਿਲੇਗਾ। ਇਸਦਾ ਐਲਾਨ ਅੱਜ ਲਹਿੰਦੇ ਪੰਜਾਬ ਦੇ ਉੱਘੇ ਲੇਖਕ/ਪੱਤਰਕਾਰ ਇਲਿਆਸ ਘੁੰਮਣ ਵਲੋਂ ਕੀਤਾ ਗਿਆ। ਇਲਿਆਸ ਘੁੰਮਣ ਨੇ ਇਹ ਐਲਾਨ ਇਕ ਵੀਡੀਓ ਸੁਨੇਹਾ ਜਾਰੀ ਕਰਕੇ ਕੀਤਾ। ਉਹਨਾਂ ਕਿਹਾ ਕਿ ਦੋਹਾਂ ਪੰਜਾਬਾਂ ਦੇ ਸਾਂਝੇ ਉੱਚ ਕਵੀ ਦੇ ਖਿਤਾਬ ਵਜੋਂ ਦਿੱਤੇ ਜਾਣ ਵਾਲਾ ਇਹ ਪੁਰਸਕਾਰ ਬਾਈ ਸਾਲ ਬਾਅਦ ਚੜਦੇ ਪੰਜਾਬ ਦੇ ਹਿੱਸੇ ਆਇਆ ਹੈ। ਇਸ ਤੋਂ ਪਹਿਲਾਂ ਸੰਨ 2000 ਵਿੱਚ ਇਹ ਪੁਰਸਕਾਰ ਅੰਮ੍ਰਿਤਾ ਪ੍ਰੀਤਮ ਨੂੰ ਦਿੱਤਾ ਗਿਆ ਸੀ। ਇਸ ਪੁਰਸਕਾਰ ਵਿੱਚ ਸਈਅਦ ਵਾਰਿਸ ਸ਼ਾਹ ਦੀ ਮਜ਼ਾਰ ਦੀ ਛੋਹ ਪ੍ਰਾਪਤ ਚਾਦਰ , ਸਨਮਾਨ ਚਿੰਨ੍ਹ ਅਤੇ ਸਨਮਾਨ ਪੱਤਰ ਭੇਟ ਕੀਤੇ ਜਾਂਦੇ ਹਨ।

"ਹਵਾ ਚ ਲਿਖੇ ਹਰਫ਼" "ਲਫਜ਼ਾਂ ਦੀ ਦਰਗਾਹ " ਸੁਰ ਜ਼ਮੀਨ" "ਇਹ ਬਾਤ ਨਿਰੀ ਏਨੀ ਹੀ ਨਹੀਂ " ਵਰਗੀਆਂ ਕਾਵਿ ਪੁਸਤਕਾਂ ਦੇ ਰਚੇਤਾ ਸੁਰਜੀਤ ਪਾਤਰ ਵਿਸ਼ਵ ਭਰ ਵਿੱਚ ਪੰਜਾਬੀ ਕਵਿਤਾ ਦੇ ਦੂਤ ਵਜੋਂ ਜਾਣੇ ਜਾਂਦੇ ਹਨ। ਪੰਜਾਬੀ ਕਵਿਤਾ ਨੂੰ ਪਿਆਰ ਕਰਨ ਵਾਲਿਆਂ ਲਈ ਇਹ ਬੇਹੱਦ ਮਾਣ ਵਾਲੀ ਖਬਰ ਹੈ। ਸਈਅਦ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਦਿੱਤੇ ਜਾ ਰਹੇ ਇਸ ਪੁਰਸਕਾਰ ਦਾ ਹੋਰ ਵੀ ਵਡੇਰਾ ਮਹੱਤਵ ਹੈ।ਇਸ ਨਾਲ ਹੱਦਾਂ ਸਰਹੱਦਾਂ ਤੋਂ ਪਾਰ ਤੱਕ ਫੈਲੇ ਹੋਏ ਪੰਜਾਬੀ ਪਿਆਰ ਨੂੰ ਹੋਰ ਬਲ ਮਿਲੇਗਾ ਅਤੇ ਸੱਤਾਂ ਸਮੁੰਦਰਾਂ ਤੱਕ ਫੈਲੀ ਹੋਈ ਪੰਜਾਬੀਅਤ ਦੀ ਖੁਸ਼ਬੂ ਹੋਰ ਖੁਸ਼ਗਵਾਰ ਹੋਵੇਗੀ। ਇਸ ਪੁਰਸਕਾਰ ਦਾ ਐਲਾਨ ਹੋਣ ਤੇ ਡਾਕਟਰ ਸੁਰਜੀਤ ਪਾਤਰ ਨੇ ਕਿਹਾ ਕਿ ਸਰਬ ਸਾਂਝੇ ਕਵੀ ਵਜੋਂ ਵਾਰਿਸ ਸ਼ਾਹ ਦੇ ਨਾਮ ਉੱਤੇ ਉਹਨਾਂ ਨੂੰ ਮਿਲਣ ਵਾਲੇ ਇਸ ਪੁਰਸਕਾਰ ਨੂੰ ਉਹ ਹੁਣ ਤੱਕ ਮਿਲੇ ਸਾਰੇ ਪੁਰਸਕਾਰਾਂ ਨਾਲੋਂ ਆਪਣੀ ਰੂਹ ਦੇ ਵਧੇਰੇ ਨੇੜੇ ਸਮਝਦੇ ਹਨ। ਪੰਜਾਬ ਕਲਾ ਪਰਿਸ਼ਦ ਦੇ ਸਕੱਤਰ ਅਤੇ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ,ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਕੇਵਲ ਧਾਲੀਵਾਲ, ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਦੀਵਾਨ ਮਾਨਾ,ਪੰਜਾਬ ਕਲਾ ਪਰਿਸ਼ਦ ਦੇ ਉਪ ਚੇਅਰਮੈਨ ਡਾਕਟਰ ਯੋਗ ਰਾਜ,ਉਘੇ ਪੰਜਾਬੀ ਚਿੰਤਕ ਅਮਰਜੀਤ ਗਰੇਵਾਲ, ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੱਨੜ, ਮੀਤ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ , ਸਕੱਤਰ ਦੀਪਕ ਸ਼ਰਮਾ ਚਨਾਰਥਲ , ਪੰਜਾਬੀ ਕਵੀ ਜਸਵੰਤ ਜ਼ਫ਼ਰ, ਸਵਰਨਜੀਤ ਸਵੀ ਅਤੇ ਪੰਜਾਬ ਜਾਗ੍ਰਿਤੀ ਮੰਚ ਦੇ ਪ੍ਰਧਾਨ ਅਤੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਵਲੋਂ ਡਾਕਟਰ ਸੁਰਜੀਤ ਪਾਤਰ ਨੂੰ ਮੁਬਾਰਕਬਾਦ ਦਿੱਤੀ ਗਈ ਹੈ। ਕਹਾਣੀ ਲਈ ਵਾਰਿਸ ਸ਼ਾਹ ਪੁਰਸਕਾਰ ਜਿੰਦਰ ਨੂੰ ਅਤੇ ਗਾਇਕੀ ਲਈ ਸਿੱਧੂ ਮੂਸੇਵਾਲਾ ਨੂੰ ਦਿੱਤਾ ਜਾਵੇਗਾ। ਇਹ ਪੁਰਸਕਾਰ ਐਲਾਨ ਕਰਨ ਲਈ ਲਹਿੰਦੇ ਪੰਜਾਬ ਦੇ ਅਦੀਬਾਂ ਦਾ ਧੰਨਵਾਦ ਕੀਤਾ ਗਿਆ।




# ਫਿਲੀਪੀਨਜ਼ ਦੀ ਯੂਨੀਵਰਸਿਟੀ ਦੇ ਸਮਾਰੋਹ ਦੌਰਾਨ ਗੋਲੀਬਾਰੀ

### * ਸਾਬਕਾ ਮੇਅਰ ਸਮੇਤ 3 ਜਣਿਆਂ ਦੀ ਗੋਲੀ ਮਾਰ ਕੇ ਹੱਤਿਆ



ਮਨੀਲਾ, 24 ਜੁਲਾਈ, (ਪੋਸਟ ਬਿਊਰੋ)- ਫਿਲੀਪੀਨਜ਼ ਦੇ ਰਾਜਧਾਨੀ ਖੇਤਰ ਵਿੱਚ ਅੱਜ ਐਤਵਾਰ ਇੱਕਬੰਦੂਕਧਾਰੀ ਨੇ ਯੂਨੀਵਰਸਿਟੀ ਕੈਂਪਸ ਵਿੱਚ ਹਮਲਾ ਕਰ ਦਿੱਤਾ, ਜਿਸ ਵਿੱਚਇੱਕ ਸਾਬਕਾ ਮੇਅਰ ਸਣੇ ਘੱਟੋ-ਘੱਟ ਤਿੰਨ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰਦਿੱਤੀ ਗਈ ਅਤੇ ਇੱਕ ਜ਼ਖਮੀ ਹੋ ਗਿਆ।

ਪਤਾ ਲੱਗਾ ਹੈ ਕਿ ਪਿਸਤੌਲਾਂ ਨਾਲ ਲੈਸ ਇੱਕਬੰਦੂਕਧਾਰੀ ਨੂੰ ਕਿਊਜ਼ਨ ਸਿਟੀ ਵਿਚਲੀ ਅੰਟੇਨੀਓ ਡੀ ਮਨੀਲਾ ਯੂਨੀਵਰਸਿਟੀ ਦੇ ਗੇਟ ਨੇੜੇ ਗੋਲੀਬਾਰੀ ਪਿੱਛੋਂ ਫੜ ਲਿਆ ਗਿਆ। ਪੁਲਿਸ ਮੁਤਾਬਕ ਹਮਲੇ ਪਿੱਛੋਂਯੂਨੀਵਰਸਿਟੀ ਨੂੰ ਬੰਦ ਕਰ ਦਿੱਤਾ ਅਤੇ ਸੰਬੰਧਤ ਸਕੂਲ ਵਿੱਚ ਗ੍ਰੈਜੁਏਸ਼ਨ ਸਮਾਰੋਹ ਰੱਦ ਕਰ ਦਿੱਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਅਲੈਗਜ਼ੈਂਡਰ ਗੇਸਮੁੰਡੋ ਨੇ ਸਮਾਰੋਹ ਵਿੱਚ ਸਪੀਕਰ ਹੋਣਾ ਸੀ, ਉਹ ਹਮਲੇ ਦੇ ਵਕਤਯੂਨੀਵਰਸਿਟੀ ਜਾ ਰਹੇ ਸਨ ਤੇ ਉਨ੍ਹਾਂ ਨੂੰ ਵਾਪਸ ਜਾਣ ਨੂੰ ਕਹਿ ਦਿੱਤਾ ਗਿਆ। ਕਿਊਜ਼ਨ ਸਿਟੀ ਦੇ ਮੇਅਰ ਜੋਏ ਬੇਲਮੋਂਟੇ ਨੇ ਇੱਕ ਬਿਆਨ ਵਿੱਚ ਕਿਹਾ, 'ਸਾਡੇ ਸਮਾਜ ਵਿੱਚਇਨ੍ਹਾਂ ਘਟਨਾਵਾਂ ਦੀ ਕੋਈ ਥਾਂ ਨਹੀਂ। ਇਸ ਦੀ ਉੱਚ ਪੱਧਰੀ ਨਿਖੇਧੀ ਹੋਣੀ ਚਾਹੀਦੀ ਹੈ।' ਅਧਿਕਾਰੀਆਂ ਮੁਤਾਬਕਹਮਲੇਦੇ ਮ੍ਰਿਤਕਾਂ ਵਿੱਚ ਦੱਖਣੀ ਬਾਸਿਲਾਨ ਰਾਜ ਦੇ ਲਾਮਿਤਾਨ ਸ਼ਹਿਰ ਦੀ ਸਾਬਕਾ ਮੇਅਰ ਰੋਜ਼ੀਟਾ ਫੁਰਿਜ, ਉਨ੍ਹਾਂ ਦਾ ਸਹਿਯੋਗੀ ਤੇ ਯੂਨੀਵਰਸਿਟੀ ਦਾ ਗਾਰਡ ਸ਼ਾਮਲ ਸੀ।ਇੱਕ ਪੁਲਿਸ ਰਿਪੋਰਟ ਮੁਤਾਬਕ ਗ੍ਰੈਜੂਏਸ਼ਨ ਸਮਾਰੋਹ ਵਿੱਚ ਸ਼ਾਮਲ ਫਿਊਰੀਜ ਦੀ ਧੀ ਵੀ ਜ਼ਖਮੀ ਹੋਈ ਸੀ, ਉਸਨੂੰ ਹਸਪਤਾਲ ਲਿਜਾਇਆ ਗਿਆ ਸੀ। ਜਾਂਚਕਰਤਾ ਹਮਲੇ ਦੇ ਕਾਰਨਾਂ ਦਾ ਪਤਾ ਲਾਉਣ ਦੇ ਯਤਨ ਕਰ ਰਹੇ ਸਨ।

# ਪੱਛਮੀ ਬੰਗਾਲ ਦਾ ਮੰਤਰੀ ਪਾਰਥ ਚੈਟਰਜੀ ਟੀਚਰ ਭਰਤੀ ਕੇਸ ਵਿੱਚ ਗ੍ਰਿਫ਼ਤਾਰ

ਕੋਲਕਾਤਾ, 24 ਜੁਲਾਈ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਟੀਚਰ ਭਰਤੀ ਕੇਸ ਦੀ ਜਾਂਚ ਦੌਰਾਨ ਅੱਜਸ਼ਨੀਵਾਰ ਨੂੰ ਪੱਛਮੀ ਬੰਗਾਲ ਦੇ ਮੰਤਰੀ ਪਾਰਥ ਚੈਟਰਜੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਬਾਰੇ ਜਾਂਚ ਏਜੰਸੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਘਪਲਾ ਹੋਣ ਸਮੇਂ ਪਾਰਥ ਚੈਟਰਜੀ ਇਸ ਰਾਜ ਦੇ ਸਿੱਖਿਆ ਮੰਤਰੀ ਸਨ।ਉਨ੍ਹਾਂ ਨੂੰ ਕਰੀਬ 26 ਘੰਟੇ ਪੁੱਛਗਿੱਛ ਮਗਰੋਂ ਗ੍ਰਿਫਤਾਰ ਕੀਤਾ ਗਿਆ ਹੈ।ਅੱਜਕੱਲ੍ਹ ਉਹਬੰਗਾਲ ਦੇ ਉਦਯੋਗ ਮੰਤਰੀ ਹਨ।ਗ੍ਰਿਫਤਾਰੀ ਪਿੱਛੋਂ ਉਨ੍ਹਾਂ ਨੂੰ ਸਾਲਟ ਲੇਕ ਖੇਤਰਵਿੱਚ ਕੇਂਦਰੀ ਸਰਕਾਰ ਦੇ ਦਫਤਰਾਂ ਵਾਲੇ ਸੀਜੀਓ ਕੰਪਲੈਕਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦਫ਼ਤਰ ਲਿਜਾਇਆ ਗਿਆ।ਇੱਕਈ ਡੀ ਅਧਿਕਾਰੀ ਨੇ ਦੱਸਿਆ ਕਿ ਪਾਰਥ ਚੈਟਰਜੀ ਬੀਤੇ ਸ਼ੁੱਕਰਵਾਰ ਸਵੇਰ ਤੋਂ ਉਨ੍ਹਾਂ ਤੋਂ ਪੁੱਛਗਿੱਛ ਕਰਦੀ ਟੀਮ ਨਾਲ ਸਹਿਯੋਗ ਨਹੀਂ ਕਰ ਰਹੇ ਸਨ। ਅਧਿਕਾਰੀ ਮੁਤਾਬਕ ਚੈਟਰਜੀ ਦੀ ਇੱਕ ਨੇੜਲੀ ਸਹਿਯੋਗੀ ਅਰਪਿਤਾ ਮੁਖਰਜੀ ਦੇਕੰਪਲੈਕਸ ਤੋਂ 20 ਕਰੋੜ ਰੁਪਏ ਨਕਦ ਮਿਲਣਪਿੱਛੋਂ ਉਨ੍ਹਾਂ ਨੂੰਗ੍ਰਿਫਤਾਰ ਕੀਤਾ ਹੈ। ਅਰਪਿਤਾ ਮੁਖਰਜੀ ਕੋਲੋਂ ਏਨੀ ਨਕਦੀ ਨਾਲ 20 ਮੋਬਾਈਲ ਫ਼ੋਨ ਵੀ ਮਿਲੇ ਹਨ, ਜਿਨ੍ਹਾਂ ਦੇ ਮਕਸਦ ਅਤੇ ਵਰਤੋਂ ਬਾਰੇ ਪਤਾ ਲਾਉਣਾ ਹੈ। ਉਨ੍ਹਾਂ ਮੀਡੀਆ ਨੂੰ ਦੱਸਿਆ, 'ਸਰਚ ਟੀਮ ਬਰਾਮਦ ਹੋਏ ਪੈਸੇ ਦੀ ਗਿਣਤੀ ਲਈ ਬੈਂਕ ਤੋਂ ਮਿਲੀ ਕੈਸ਼ ਕਾਉਂਟਿੰਗ ਮਸ਼ੀਨ ਦੀ ਵਰਤੋਂ ਕਰਦੀ ਪਈ ਹੈ।' ਈਡੀ ਦੇ ਅਧਿਕਾਰੀ ਨੇ ਕਿਹਾ ਕਿ ਇਸ ਘਪਲੇ ਨਾਲ ਜੁੜੇ ਹੋਏ ਲੋਕਾਂ ਦੇ ਵੱਖ-ਵੱਖ ਸਥਾਨਾਂ ਤੋਂ ਕਈ ਅਪਰਾਧਕ ਦਸਤਾਵੇਜ਼, ਰਿਕਾਰਡ, ਸ਼ੱਕੀ ਕੰਪਨੀਆਂ ਦੇ ਵੇਰਵੇ, ਇਲੈਕਟ੍ਰਾਨਿਕ ਜੰਤਰ, ਵਿਦੇਸ਼ੀ ਕਰੰਸੀ ਤੇ ਸੋਨਾ ਮਿਲਿਆ ਹੈ। ਵਰਨਣ ਯੋਗ ਹੈ ਕਿ ਕਲਕੱਤਾ ਹਾਈ ਕੋਰਟ ਨੇ ਅਪ੍ਰੈਲਵਿੱਚਅਦਾਲਤੀ ਸੁਣਵਾਈ ਮੌਕੇ ਗਰੁੱਪ ਸੀ ਅਤੇ ਡੀ ਦੇ ਮੁਲਾਜ਼ਮਾਂ, ਨੌਵੀਂ-ਬਾਰ੍ਹਵੀਂ ਜਮਾਤ ਦੇ ਸਹਾਇਕ ਟੀਚਰਾਂ ਅਤੇ ਪ੍ਰਾਇਮਰੀ ਟੀਚਰਾਂ ਦੇ ਭਰਤੀ ਘਪਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ।

### * ਅਰਪਿਤਾ ਮੁਖਰਜੀ ਕੌਣ ਹੈ, ਜਿਸ ਦੇ ਘਰੋਂ 20 ਕਰੋੜ ਰੁਪਏ ਮਿਲੇ

ਮਮਤਾ ਬੈਨਰਜੀ ਸਰਕਾਰਦੇ ਮੰਤਰੀ ਪਾਰਥ ਚੈਟਰਜੀ ਦੀ ਕਰੀਬੀ ਮੰਨੀ ਜਾਂਦੀ ਅਰਪਿਤਾ ਮੁਖਰਜੀ ਦੇ ਘਰਈ ਡੀ ਛਾਪੇ ਦੌਰਾਨ ਕਰੀਬ 20 ਕਰੋੜ ਰੁਪਏ ਦੀ ਨਕਦੀ ਮਿਲੀ ਹੈ।ਇਸਨਾਲਖਬਰਾਂਵਿੱਚ ਆਈ ਅਰਪਿਤਾ ਮੁਖਰਜੀ ਬੰਗਲਾ ਫਿਲਮ ਇੰਡਸਟਰੀਅਤੇ ਫਿਰ ਓਡੀਸਾਅਤੇ ਤਮਿਲ ਫਿਲਮਾਂਵਿੱਚ ਕੰਮ ਕਰ ਚੁੱਕੀਹੈ।ਉਸਦੇਪੱਛਮੀ ਬੰਗਾਲ ਦੇ ਮੰਤਰੀ ਪਾਰਥ ਚੈਟਰਜੀ ਦੀ ਕਰੀਬੀ ਹੋਣ ਬਾਰੇ ਸਵਾਲ ਉੱਠ ਰਹੇ ਹਨ ਕਿ ਬੰਗਾਲੀ ਫਿਲਮਾਂਦੇ ਸਾਈਡ ਰੋਲ ਕਰਨ ਵਾਲੀ ਅਰਪਿਤਾ ਮੁਖਰਜੀ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਵੱਡੇ ਨੇਤਾ ਪਾਰਥ ਚੈਟਰਜੀ ਦੇ ਕਰੀਬੀ ਕਿਵੇਂ ਬਣੀ।ਅਸਲ ਵਿੱਚ ਤ੍ਰਿਣਮੂਲ ਕਾਂਗਰਸ ਦੇ ਨੇਤਾ ਅਤੇ ਬੰਗਾਲ ਦੇ ਮੰਤਰੀ ਪਾਰਥ ਚੈਟਰਜੀ ਦੱਖਣੀ ਕੋਲਕਾਤਾ ਦੀ ਪ੍ਰਸਿੱਧ ਦੁਰਗਾ ਪੂਜਾ ਕਮੇਟੀ ਨਕਤਲਾ ਉਦਯਨ ਚਲਾਉਂਦੇ ਹਨ। ਇਹ ਕੋਲਕਾਤਾ ਦੀਆਂ ਸਭ ਤੋਂ ਵੱਡੀਆਂ ਦੁਰਗਾ ਪੂਜਾ ਕਮੇਟੀਆਂ ਵਿੱਚੋਂਹੈ। ਅਰਪਿਤਾ ਮੁਖਰਜੀ 2019 ਅਤੇ 2020 ਵਿੱਚ ਪਾਰਥਾ ਚੈਟਰਜੀ ਦੇ ਪੂਜਾ ਸਮਾਰੋਹਾਂ ਦਾ ਚਿਹਰਾ ਰਹਿ ਚੁੱਕੀ ਹੈ।









# ਪੁੱਤ ਵਰਗੇ ਬਲਦਾਂ ਨੂੰ..

-ਜੱਗਾ ਸਿੰਘ ਆਦਮਕੇ



ਮਨੁੱਖ ਦੇ ਜੰਗਲਾਂ ਵਿੱਚ ਨਿਵਾਸ ਦੇ ਸਮੇਂ ਤੋਂ ਵੱਖ ਵੱਖ ਤਰੀਕਿਆਂ ਨਾਲ ਜਾਨਵਰ ਉਸ ਦੇ ਸਹਿਯੋਗੀ ਰਹੇ ਹਨ। ਜਦੋਂ ਮਨੁੱਖ ਪੱਕੇ ਨਿਵਾਸ ਸਥਾਨ ਬਣਾ ਕੇ ਰਹਿਣ ਲੱਗਾ ਤਾਂ ਉਸ ਨੇ ਵੱਖ-ਵੱਖ ਉਦੇਸ਼ਾਂ ਲਈ ਜੰਗਲੀ ਜਾਨਵਰਾਂ, ਪਸ਼ੂਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੂੰ ਉਹ ਖਾਣ, ਦੁੱਧ ਲੈਣ, ਸਵਾਰੀ ਕਰਨ ਵਰਗੇ ਉਦੇਸ਼ਾਂ ਲਈ ਵਰਤਦਾ ਸੀ।ਜਦੋਂ ਉਸ ਨੇ ਆਪਣੀਆਂ ਭੋਜਨ ਸਬੰਧੀ ਜ਼ਰੂਰਤਾਂ ਲਈ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਸ ਨੇ ਵਾਹੀ ਬਿਜਾਈ ਲਈ ਪਸ਼ੂਆਂ ਦਾ ਸਹਿਯੋਗ ਲੈਣਾ ਸ਼ੁਰੂ ਕੀਤਾ। ਇਸ ਤਰ੍ਹਾਂ ਮਨੁੱਖ ਦੇ ਪਾਲਤੂ ਪਸ਼ੂਆਂ ਵਿੱਚ ਦੁੱਧ ਦੇਣ ਲਈ ਗਾਂ ਮਹੱਤਵ ਪੂਰਨ ਹੈ ਅਤੇ ਗਾਂ ਦੇ ਦਿੱਤੇ ਜਾਂਦੇ ਵੱਛੇ ਖੇਤੀਬਾੜੀ ਵਿੱਚ ਬਲਦਾਂ ਦੇ ਰੂਪ ਵਿੱਚ ਕਾਫ਼ੀ ਉਪਯੋਗੀ ਰਹੇ ਹਨ।

ਪੰਜਾਬੀ ਸੱਭਿਆਚਾਰ ਵਿੱਚ ਖੇਤੀ ਦਾ ਅਹਿਮ ਸਥਾਨ ਹੈ। ਖੇਤੀ ਨਾਲ ਜੁੜੇ ਸਾਰੇ ਪੱਖ ਪੰਜਾਬੀ ਸੱਭਿਆਚਾਰ, ਪੰਜਾਬੀ ਜਨ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਕੁਝ ਇਸੇ ਤਰ੍ਹਾਂ ਗਾਂ ਦੇ ਵੱਛੇ ਵੱਡੇ ਹੋ ਕੇ ਬਲਦ ਬਣਦੇ ਸਨ ਤੇ ਉਹ ਖੇਤੀ ਵਿੱਚ ਆਪਣਾ ਮਹੱਤਵਪੂਰਨ ਰੋਲ ਨਿਭਾਉਂਦੇ ਸਨ। ਬਲਦ ਕਿਸਾਨ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦੇ ਸਨ। ਖੇਤੀ ਵਿੱਚ ਬਲਦਾਂ ਦੀ ਮਹੱਤਵਪੂਰਨ ਭੂਮਿਕਾ ਕਾਰਨ, ਉਸ ਦੇ ਖੇਤੀ ਉਤਪਾਦਨ ਲਈ ਸਹਿਯੋਗੀ ਬਣਨ ਕਾਰਨ ਕਿਸਾਨਾਂ ਦਾ ਬਲਦਾਂ ਨਾਲ ਭਾਵਨਾਤਮਕ ਲਗਾਅ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਉਹ ਬਲਦਾਂ ਨੂੰ ਪੁੱਤਰਾਂ ਦਾ ਦਰਜਾ ਦੇਂਦਾ ਅਤੇ ਉਨ੍ਹਾਂ ਦੀ ਸੇਵਾ ਪਾਣੀ ਦਾ ਵੀ ਪੂਰਾ ਖਿਆਲ ਕੁਝ ਇਸ ਤਰ੍ਹਾਂ ਰੱਖਦਾ-

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀਆਂ ਡਲ਼ੀਆਂ
ਪੁੱਤ ਵਰਗੇ ਬਲਦਾਂ ਨੂੰ
ਪਾ ਦੇ ਬਿਸ਼ਨੀਏਂ ਗੁਆਰੇ ਦੀਆਂ ਫਲੀਆਂ।

ਬਲਦਾਂ ਨੂੰ ਸ਼ਿੰਗਾਰਨਾ, ਉਨ੍ਹਾਂ ਦੇ ਰੰਗ ਬਿਰੰਗੀਆਂ ਨੱਥਾਂ ਪਾਉਣਾ ਅਤੇ ਗਲ ਵਿੱਚ ਟੱਲੀਆਂ ਪਾਉਣਾ ਕਿਸਾਨਾਂ ਦਾ ਸ਼ੌਕ ਹੁੰਦਾ ਸੀ। ਖੇਤਾਂ ਨੂੰ ਜਾਂਦੇ, ਖੇਤਾਂ ਵਿੱਚ ਵਾਹੁੰਦੇ ਤੇ ਬੀਜਦੇ ਸਮੇਂ ਟੱਲੀਆਂ ਦੀ ਟੁੰਣਕਾਰ ਦਾ ਮਿੱਠਾ ਸੰਗੀਤ ਸੁਣਾਈ ਦਿੰਦਾ। ਮੇਲਿਆਂ ਜਾਂ ਵਿਸ਼ੇਸ਼ ਕੰਮ ਲਈ ਲੈ ਕੇ ਜਾਣ ਸਮੇਂ ਬਲਦਾਂ ਦਾ ਸ਼ਿੰਗਾਰਿਆ ਜਾਣਾ ਆਮ ਜਿਹੀ ਗੱਲ ਸੀ। ਅਜਿਹੇ ਸਮੇਂ ਕਿਸਾਨ ਵਿਸ਼ੇਸ਼ ਮੌਕਿਆਂ ਸਾਂਬੇ ਘੁੰਗਰੂ ਕੱਢਣ ਲਈ ਕੁਝ ਇਸ ਤਰ੍ਹਾਂ ਕਹਿੰਦਾ-

* ਬੱਗੇ ਬਲਦਾਂ ਖਰਾਸੇ ਜਾਣਾ
ਜੈ ਕੁਰੇ ਕੱਢ ਘੁੰਗਰੂ।
* ਹਲ ਜੋੜਨੀ ਨ੍ਹਾਰੇ ਬੱਗੇ ਦੀ ਜੋੜੀ
ਕੋਠੀ ਵਿੱਚੋਂ ਕੱਢ ਘੁੰਗਰੂ।

ਗੱਡੇ ਨੂੰ ਬਲਦ ਜੋੜ ਕੇ ਰਿਸ਼ਤੇਦਾਰੀਆਂ ਵਿੱਚ ਵਿਆਹ ਆਦਿ ਲਈ ਲੈ ਕੇ ਜਾਣਾ ਆਵਾਜਾਈ ਦਾ ਜ਼ਰੂਰੀ ਹਿੱਸਾ ਰਿਹਾ ਹੈ। ਅਜਿਹਾ ਹੋਣ ਕਾਰਨ ਗੱਡੇ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਮਿਲਦਾ ਹੈ-

ਗੱਡਾ ਜੋੜ ਕੇ ਆ ਗਿਆ ਸਹੁਰੇ
ਆਣ ਖੜ੍ਹਾ ਦਰਵਾਜ਼ੇ
ਬਲਦਾਂ ਤੇਰਿਆਂ ਨੂੰ ਭੋਅ ਦਾ ਟੋਕਰਾ
ਤੈਨੂੰ ਦੋ ਪਰਸ਼ਾਦੇ
ਨੀਂਵੀਂ ਪਾ ਬਹਿੰਦਾ
ਪਾ ਲਏ ਭੌਰ ਉੱਤੇ ਦਾਬੇ

ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਖੇਤੀ ਲਈ ਬਲਦ ਮਹੱਤਵਪੂਰਨ ਸਾਧਨ ਸੀ। ਅਜੋਕੇ ਸਾਧਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਕੋਲ ਚੰਗਾ ਗੱਡਾ ਅਤੇ ਬਲਦ ਹੋਣਾ ਵੀ ਮਾਣ ਤੇ ਉਸਦੇ ਸਾਧਨ ਸਪੰਨ ਹੋਣ ਦਾ ਪ੍ਰਤੀਕ ਸੀ। ਵਿਆਹ ਦੇ ਗੀਤਾਂ ਰਾਹੀਂ ਭੈਣਾਂ ਵੱਲੋਂ ਆਪਣੇ ਵੀਰ ਦੇ ਇਸ ਪੱਖ ਦੀ ਪ੍ਰਸ਼ੰਸਾ ਕੁਝ ਏਦਾਂ ਕੀਤੀ ਮਿਲਦੀ ਹੈ-

ਗੱਡੀ ਵੇ ਵੀਰਾ ਤੇਰੀ ਰੁਣਝੁਣੀ
ਵੇ ਕੋਈ ਬਲਦ ਕਲਹਿਰੀ ਮੋਰ
ਛਾਂਟਾ ਵੀ ਤੇਰਾ ਰੇਸ਼ਮੀ
ਦਿੱਤੀ ਛੱਡ ਬਲਦਾਂ ਦੀ
ਵੇ ਸੁਣ ਗਡਵਾਣੀਆਂ ਵੇ-ਡੋਰ

ਖੇਤੀ ਕਰਨ ਵਾਲੇ ਲੋਕ ਲੰਬੇ ਸਮੇਂ ਤੋਂ ਆਰਥਿਕ ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਰਹੇ ਹਨ। ਕਿਸਾਨ ਦੇ ਕਰੜੀ ਮਿਹਨਤ ਮੁਸ਼ੱਕਤ ਕਰਨ ਦੇ ਬਾਵਜੂਦ ਹਾਲਾਤ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ। ਅਜਿਹਾ ਹੋਣ ਕਾਰਨ ਕਿਸਾਨਾਂ ਦਾ ਖੇਤੀ ਵਿੱਚ ਬਲਦਾਂ ਦੁਆਰਾ ਦਿੱਤਾ ਸਾਥ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ-

ਥੱਕੇ ਬਲਦ ਕਮਾਈਆਂ ਕਰਕੇ
ਫੇਰ ਵੀ ਨਾ ਆਈਆਂ ਤਬਦੀਲੀਆਂ।

ਖੇਤੀ ਦੀ ਵਾਹੀ ਬਿਜਾਈ ਲਈ ਕਿਸਾਨਾਂ ਵੱਲੋਂ ਸਵੇਰੇ ਜਲਦੀ ਬਲਦਾਂ ਗਲ਼ ਪੰਜਾਲ਼ੀ ਪਾਈ ਜਾਂਦੀ-

ਉਠ ਤੜਕੇ ਪਾਈ ਬਲਦਾਂ ਗਲ਼ ਪੰਜਾਲ਼ੀ
ਗੁਆਰਾ ਰੋਹੀ ਵਾਲੇ ਖੇਤ ਬੀਜਣਾ।

ਖੇਤੀ ਵਿੱਚ ਉਪਯੋਗੀ ਹੋਣ ਕਾਰਨ ਕਿਸਾਨ ਨੂੰ ਬਲਦਾਂ ਦੀ ਸਾਂਭ ਸੰਭਾਲ ਵੀ ਵਧੀਆ ਤਰੀਕੇ ਨਾਲ ਕਰਨੀ ਪੈਂਦੀ ਸੀ। ਬਲਦਾਂ ਦੀ ਸੰਭਾਲ ਦਾ ਫਿਕਰ ਅਤੇ ਇਸ ਲਈ ਸਮਾਂ ਦੇਣਾ ਕਿਸਾਨਾਂ ਲਈ ਜ਼ਰੂਰੀ ਸੀ। ਇਸ ਜ਼ਿੰਮੇਵਾਰੀ ਤੋਂ ਵਿਹਲੇ ਹੋ ਕੇ ਬੇਫਿਕਰ ਹੋਣ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ-

ਮੱਝ ਵੇਚ'ਤੀ, ਗਾਂ ਵੇਚ'ਤੀ
ਬਲਦ ਵੇਚ'ਤੇ ਬੱਗੇ।
ਨੀਂ ਬੁਗਦੂ ਮਿੱਤਰਾਂ ਦਾ
ਵਿੱਚ ਦਰਵਾਜ਼ੇ ਵੱਜੇ।

ਕਿਸਾਨ ਦਾ ਖੇਤੀਬਾੜੀ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ। ਉਸ ਵੱਲੋਂ ਖੇਤੀਬਾੜੀ ਵਿੱਚੋਂ ਨਿਕਲ ਕੇ ਕੋਈ ਹੋਰ ਕਿੱਤਾ ਅਪਣਾਉਣਾ ਔਖਾ ਹੁੰਦਾ ਹੈ। ਕਿੱਸਾ ਕਾਵਿ ਵਿੱਚ ਇਸ ਦਾ ਵਰਣਨ ਕੁਝ ਇਸ ਤਰ੍ਹਾਂ ਹੈ-

ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ
ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੇ।

ਬਲਦ ਖੇਤੀਬਾੜੀ ਵਿੱਚ ਵਾਹੀ ਤੇ ਬਿਜਲੀ, ਗੱਡੇ ਰਾਹੀਂ ਢੋਆ ਢੁਆਈ ਅਤੇ ਖੂਹ ਵਿੱਚੋਂ ਪਾਣੀ ਕੱਢਣ ਦੇ ਕੰਮ ਲਈ ਉਪਯੋਗੀ ਰਹੇ ਹਨ। ਕਿੱਸਾ ਹੀਰ ਵਿੱਚ ਇਸ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਬੈਠ ਮੰਗਦੀਆਂ ਸਾਲੀਆਂ ਚੀਚ ਛੱਲਾ
ਦੁੱਧ ਦੇਹ ਅਣਵਿਆਹੀ ਨੂੰ ਚਿੜੀ ਦਾ ਵੇ।
ਬਿਨਾਂ ਬਲਦਾਂ ਦੇ ਖੂਹ ਗੇੜ ਸਾਨੂੰ
ਅੱਡਾ ਖੜਕਦਾ ਕਾਠ ਦੀ ਘੜੀ ਦਾ ਵੇ।

ਬਲਦ ਪੰਜਾਬੀ ਕਿਸਾਨ ਦਾ ਮਹੱਤਵਪੂਰਨ ਸਾਥੀ ਸਨ, ਪਰ ਕਿਸੇ ਕਾਰਨ ਉਸ ਕੋਲੋਂ ਬਲਦ ਦਾ ਖੁੰਝ ਜਾਣਾ ਬਹੁਤ ਵੱਡਾ ਘਾਟਾ ਸਿੱਧ ਹੁੰਦਾ ਸੀ-

ਕਰਮਹੀਣ ਖੇਤੀ ਕਰੇ
ਸੋਕਾ ਪਵੇ ਜਾਂ ਢੱਗਾ ਮਰੇ

ਭਾਵੇਂ ਖੇਤੀਬਾੜੀ ਕਰਨ ਲਈ ਬਲਦਾਂ ਦਾ ਸਹਿਯੋਗ ਜ਼ਰੂਰੀ ਹੈ, ਪਰ ਕਿਸੇ ਵੱਲੋਂ ਆਪਣੇ ਸ਼ੌਕ ਪੂਰੇ ਕਰਨ ਲਈ ਕੁਝ ਇਸ ਤਰ੍ਹਾਂ ਕਿਹਾ ਮਿਲਦਾ-

ਭਾਵੇਂ ਵੇਚਦੇ ਨ੍ਹਾਰੇ ਬੱਗੇ ਦੀ ਜੋੜੀ,
ਕਲਿੱਪ ਕਰਵਾ ਮਿੱਤਰਾ।

ਲੋਕ ਕਹਾਵਤਾਂ, ਮੁਹਾਵਰਿਆਂ ਵਿੱਚ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਮਾੜਾ ਢੱਗਾ, ਛੱਤੀ ਰੋਗ

ਬਲਦਾਂ ਵਿੱਚ ਖੇਤੀ ਲਈ ਉਪਯੋਗੀ ਹੋਣ ਦੇ ਨਾਲ ਕਈ ਵਾਰ ਕੁਝ ਬਲਦ, ਖਾਸ ਕਰਕੇ ਵਹਿੜਕੇ ਭੂਸਰ ਜਾਂਦੇ ਅਤੇ ਆਪਣੇ ਮਾਲਕ ਨਾਲ ਰੰਜ਼ਿਸ਼ ਰੱਖਣ ਕਾਰਨ ਉਨ੍ਹਾਂ ਨੂੰ ਘੂਰਦੇ ਵੀ ਸਨ। ਇਸ ਕਾਰਨ ਕਿਸੇ ਵਿਅਕਤੀ ਵਿਸ਼ੇਸ਼ ਦੀ ਤੁਲਨਾ ਵਹਿੜਕੇ ਨਾਲ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ-

ਭਾਬੀ ਕਹਿੰਦੀ ਸੁਣ ਵੇ ਦਿਉਰਾ
ਹਾਲ ਸੁਣਾਵਾਂ ਸਾਰਾ।
ਦਾਰੂ ਪੀ ਕੇ ਰਹੇਂ ਝੂਲਦਾ
ਆ ਮਾਰੇਂ ਲਲਕਾਰਾ।
ਮੇਰੇ ਵੰਨੀਂ ਕੱਢਦਾ ਆਨੇ
ਜਿਵੇਂ ਵਹਿੜਕਾ ਨ੍ਹਾਰਾ।
ਅੰਦਰੋਂ ਡਰ ਲੱਗਦਾ
ਫਿਰਦਾ ਦਿਉਰ ਕੁਆਰਾ।

ਬਲਦਾਂ ਰਾਹੀਂ ਲੋਕ ਬੋਲੀਆਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਜ਼ਾਕ ਕੀਤਾ ਮਿਲਦਾ ਹੈ-

ਲਿਆ ਦਿਉਰਾ ਤੈਨੂੰ ਅੱਡ ਕਰ ਦਿਆਂ
ਦੇ ਕੇ ਵਹਿੜਕਾ ਲੰਡਾ।
ਵੇ ਤੂੰ ਉਹਦੀ ਪੂਛ ਫੜੀਂ
ਮੈਂ ਮਾਰੂੰਗੀ ਡੰਡਾ।

ਬਲਦ ਵੱਲੋਂ ਖੇਤੀਬਾੜੀ ਵਿੱਚ ਸਹਾਇਤਾ ਕਰਨ ਦੇ ਨਾਲ ਕਿਸਾਨ ਨਾਲ ਉਸ ਦੀ ਨੇੜਤਾ ਕੁਝ ਇਸ ਤਰ੍ਹਾਂ ਹੁੰਦੀ ਜਿਵੇਂ ਉਹ ਕਿਸਾਨ ਦਾ ਹਮਦਰਦ ਹੋਵੇ ਤੇ ਉਸ ਦੇ ਦੁੱਖਾਂ ਨੂੰ ਬਿਆਨਣ ਵਾਲਾ ਹੋਵੇ-

ਤੂੰ ਵੀ ਬਣ ਗਿਆ ਗਮਾਂ ਦਾ ਗਮੰਤਰੀ,
ਓ ਮੇਰੇ ਬੇਜ਼ਬਾਨ ਢੱਗਿਆ।

ਬਲਦਾਂ ਦੀਆਂ ਕਈ ਕਿਸਮਾਂ ਹਨ। ਇਨ੍ਹਾਂ ਦੀਆਂ ਆਪੋ ਆਪਣੀਆਂ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਵਿੱਚ ਨਗੌਰੀ ਬਲਦ ਸਭ ਤੋਂ ਪ੍ਰਮੁੱਖ ਹੈ। ਇਹ ਨਸਲ ਨਗੌਰ ਖੇਤਰ ਵਿੱਚ ਤਿਆਰ ਹੋਈ ਅਤੇ ਬਹੁਤਾਤ ਵਿੱਚ ਪਾਈ ਜਾਣ ਕਾਰਨ ਇਸ ਦਾ ਨਾਂ ਨਗੌਰੀ ਹੈ। ਇਸ ਨਸਲ ਦੇ ਬਲਦ ਨੀਲ ਗਾਂ ਵਾਂਗ ਸੋਹਣੇ, ਛੋਟੇ ਸਿੰਗਾਂ ਵਾਲੇ, ਪਤਲੀ ਚਮੜੀ, ਪਤਲੇ ਸਰੀਰਾਂ ਵਾਲੇ ਹੁੰਦੇ ਹਨ। ਆਪਣੇ ਅਜਿਹੇ ਗੁਣਾਂ ਕਾਰਨ ਕਿਸੇ ਨੂੰ ਅਜਿਹਾ ਕਹਿਣ ਲਈ ਕਿ ਤੂੰ ਕੋਈ ਜ਼ਿਆਦਾ ਯੋਗ ਹੈ, ਉਸ ਨੂੰ ਕਿਹਾ ਜਾਂਦਾ ਹੈ ਕਿ ਤੂੰ ਜ਼ਿਆਦਾ ਨਗੌਰੀ ਹੈ। ਬਾਬੂ ਰਜਬ ਅਲੀ ਕੁਝ ਇਸ ਤਰ੍ਹਾਂ ਕਹਿੰਦਾ ਹੈ।

ਬਲਦ ਨਗੌਰੀ ਚੰਗੇ
ਤੇ ਅੰਬਰਸਰ ਜੌਹਰੀ ਚੰਗੇ।

ਬਲਦ ਪੰਜਾਬੀ ਜਨ ਜੀਵਨ, ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਹਿੱਸਾ ਰਹੇ ਹਨ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਵੀ ਬਲਦਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ
ਪਿੰਡ ਸੁਣੀਂਦਾ ਲੱਲੀਆਂ
ਉਥੋਂ ਦੇ ਦੋ ਬਲਦ ਸੁਣੀਂਦੇ
ਗਲ਼ ਵਿੱਚ ਜਿਨ੍ਹਾਂ ਦੇ ਟੱਲੀਆਂ
ਭੱਜ ਭੱਜ ਕੇ ਉਹ ਮੱਕੀ ਬੀਜਦੇ
ਗਿੱਠ ਗਿੱਠ ਲੱਗੀਆਂ ਛੱਲੀਆਂ।

ਜਵਾਨ ਬਲਦ ਨੂੰ ਵਹਿੜਕਾ ਕਿਹਾ ਜਾਂਦਾ ਹੈ। ਉਸ ਵਿੱਚ ਹਿੰਮਤ, ਜੋਸ਼, ਊਰਜਾ ਤੇ ਕੰਮ ਦੀ ਵੱਧ ਸਮਰੱਥਾ ਹੁੰਦੀ ਹੈ। ਵਿਆਹ ਵਿੱਚ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿੱਚ ਕੁੜਮ ਨੂੰ ਵਹਿੜਕੇ ਨਾਲ ਇਸ ਤਰ੍ਹਾਂ ਤੁਲਨਾਇਆ ਜਾਂਦਾ ਹੈ-

ਮਣ ਮੱਕੀ ਪਿਸਾ ਲਉ ਜੀ
ਸਾਡਾ ਕੁੜਮ ਵਹਿੜਕੇ ਵਰਗਾ।

ਬਲਦ ਬਹੁ ਉਪਯੋਗੀ ਪਸ਼ੂ ਰਿਹਾ ਹੈ। ਹਲ਼ ਵਾਹੁਣ, ਚੱਕੀ ਚਲਾਉਣ, ਖੂਹ ਵਿੱਚੋਂ ਪਾਣੀ ਕੱਢਣ, ਕੋਹਲੂ ਚਲਾਉਣ, ਗੱਡੇ ਰਾਹੀਂ ਆਵਾਜਾਈ ਵਰਗੇ ਉਦੇਸ਼ਾਂ ਲਈ ਉਪਯੋਗ ਹੁੰਦਾ ਰਿਹਾ ਹੈ। ਬਲਦ ਦੇ ਖੂਹ ਗੇੜਨ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਗਿਆ ਮਿਲਦਾ ਹੈ-

ਅੱਖਾਂ ਬੱਧੇ ਢੱਗੇ ਵਾਂਗੂ,
ਗੇੜਾਂ ਮੈਂ ਤਾਂ ਖੂਹ ਵੇ ਬਾਬਾ
ਮਾਲਕ ਜਾਣੇ ਖੂਹ ਦਾ ਪਾਣੀ,
ਜਾਵੇ ਕਿਹੜੀ ਜੂਹ ਵੇ ਬਾਬਾ

ਆਧੁਨਿਕਤਾ ਦੇ ਦੌਰ ਵਿੱਚ ਬਲਦਾਂ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਇਸ ਕਾਰਨ ਬਲਦਾਂ ਦੀ ਉਹ ਕਦਰ ਨਹੀਂ ਰਹੀ, ਜਿਹੜੀ ਪਹਿਲਾਂ ਹੁੰਦੀ। ਅੱਜ ਕੋਈ ਨਗੌਰੀ ਬਲਦ ਲੈਣ ਨਗੌਰ ਨਹੀਂ ਜਾਂਦਾ। ਨਾ ਹੀ ਬਲਦਾਂ ਦੀ ਪਹਿਲਾਂ ਵਾਂਗ ਸਾਂਭ ਸੰਭਾਲ ਕਰਦਾ ਹੈ ਅਤੇ ਨਾ ਹੀ ਹਾਰ ਸ਼ਿੰਗਾਰ ਕਰਦਾ ਹੈ-

ਨਾ ਕੋਈ ਬਲਦਾਂ ਦੇ ਸਿੰਗ ਤੇਲ ਲਾ ਸ਼ਿੰਗਾਰੇ
ਨਾ ਸਿੰਗਾਂ ਨਗੌਰੀਆਂ ਦੇ ਪੈਣ ਲਿਸ਼ਕਾਰੇ

KNOW INDIA PROGRAMME (KIP) 2022-23

60th KIP
25 August - 14 September, 2022
Last date to register : 19 07-2022
Partner State : Goa

61st KIP
26 September - 16 October, 2022
Last date to register : 19-08-2022
Partner State : Gujarat

62nd KIP
01 November - 21 November, 2022
Last date to register : 23-09-2022
Partner State : Rajasthan

TO LEARN MORE ABOUT OUR PLAN AND TO REGISTER, VISIT
HTTPS//KIP.GOV.IN

@OIA_MEA | @OverseasIndianAffairs

## ਕਹਾਣੀ

# ਕੁਕਨੂਸ

-ਸਤਪਾਲ ਸਿੰਘ-

ਵਾਹ ਵਸਤਾ ਤਾਂ ਜੱਗੇ ਨਾਲ ਅਠਾਰਾਂ-ਵੀਹ ਸਲ ਪਹਿਲਾਂ ਦਾ ਏ। ਜਿਸ ਦਿਨ ਮੇਰੇ ਨਵੇਂ ਘਰ ਦੀ ਨੀਂਹ ਰੱਖੀ ਸੀ, ਉਸੇ ਦਿਨ ਤੋਂ ਲੈ ਕੇ ਸਾਰੇ ਘਰ ਦੀ ਤਿਆਰੀ ਤੱਕ ਉਹ ਮਿਸਤਰੀ ਨਾਲ ਮਜ਼ਦੂਰੀ ਕਰਦਾ ਰਿਹਾ। ਕਾਮਾ ਇੰਨਾ ਕਿ ਕਦੀ ਵੀ ਕੰਮ ਨੂੰ ਕਹਿਣ ਦੀ ਜ਼ਰੂਰਤ ਨਾ ਪੈਂਦੀ, ਸਗੋਂ ਨਾਲ ਦੇ ਮਜ਼ਦੂਰਾਂ ਨੂੰ ਵੀ ਅਕਸਰ ਕਹਿੰਦਾ ਸੁਣਦਾ, ਓਏ ਦਿਲ ਲਾ ਕੇ ਕੰਮ ਕਰਿਆ ਕਰੋ। ਮਾਲਕ ਨੇ ਪੈਸੇ ਕੰਮ ਦੇ ਦੇਣੇ ਨੇ, ਅੱਧਾ-ਅੱਧਾ ਘੰਟਾ ਜਰਦਾ ਮਲਣ ਦੇ ਨ੍ਹੀਂ। ਨਾਲੇ ਹਰਾਮ ਦਾ ਪੈਸਾ ਫਲਦਾ ਨ੍ਹੀਂ ਹੁੰਦਾ। ਇੱਕ ਦਿਨ ਮਿਸਤਰੀ ਬੋਲਿਆ, ''ਜੱਗਿਆ, ਇਹ ਪੈਸਾ ਵੀ ਸਾਲਾ ਬੜਾ ਕੁੱਤੀ ਚੀਜ਼ ਐ। ਇਹ ਹਰਾਮ ਦਾ ਪੈਸਾ ਸਾਡੇ ਗਰੀਬਾਂ ਦੇ ਨ੍ਹੀ ਫਲਦਾ। ਅਮੀਰਾਂ ਨੂੰ ਦੇਸੀ ਘਿਓ ਵਾਂਗ ਲੱਗਦਾ ਏ।'' ਜੱਗਾ ਆਪਣੀ ਗੱਲ ਉੱਤੇ ਅਟੱਲ ਰਹਿੰਦਾ ਅਤੇ ਕਹਿੰਦਾ: ਫੇਰ ਸਾਰੇ ਜਹਾਨ ਦੀਆਂ ਬਿਮਾਰੀਆਂ ਵੀ ਉਨ੍ਹਾਂ ਨੂੰ ਹੀ ਲੱਗਦੀਆਂ ਨੇ।

ਘਰ ਦਾ ਕੰਮ ਪੂਰਾ ਹੋ ਜਾਣ ਤੋਂ ਬਾਅਦ ਵੀ ਉਹ ਸਾਲ ਛਿਮਾਹੀ ਮਿਲਦਾ ਗਿਲਦਾ ਰਹਿੰਦਾ। ਅੱਜ ਤੋਂ ਪਹਿਲਾਂ ਉਹ ਨੋਟਬੰਦੀ ਸਮੇਂ ਮੇਰੇ ਕੋਲ ਆਇਆ ਸੀ। ਸਾਰੇ ਚਲਦੇ ਕੰਮ ਇਕਦਮ ਠੱਪ ਹੋ ਗਏ। ਜੱਗੇ ਨੇ ਹੋਰ ਕਈ ਕੰਮਾਂ ਦੀ ਭਾਲ ਕੀਤੀ, ਪਰ ਕਿਤੇ ਕੰਮ ਨਾ ਮਿਲਿਆ। ਇਸ ਲਈ ਉਹ ਕੋਈ ਕੰਮ ਸ਼ੁਰੂ ਕਰਨ ਲਈ ਮੈਥੋਂ ਮਦਦ ਮੰਗਣ ਆਇਆ ਸੀ। ਮੈਂ ਸੋਚਿਆ ਕਿ ਨਵਾਂ ਕੰਮ ਸ਼ੁਰੂ ਕਰਨ ਲਈ ਘੱਟੋ ਘੱਟ ਪੰਦਰਾਂ ਵੀਹ ਹਜ਼ਾਰ ਤਾਂ ਮੰਗੇਗਾ, ਪਰ ਐਨੇ ਪੈਸੇ ਇਹ ਮਜ਼ਦੂਰ ਵਾਪਸ ਕਿਵੇਂ ਕਰੇਗਾ, ਉਹ ਵੀ ਨੋਟਬੰਦੀ ਦੌਰਾਨ। ਮੈਂ ਸੋਚਾਂ ਵਿੱਚ ਸੀ ਕਿ ਉਸ ਨੇ ਇੱਕ ਹਜ਼ਾਰ ਰੁਪਏ ਦੀ ਮੰਗ ਕੀਤੀ।

ਮੈਂ ਹੈਰਾਨੀ ਨਾਲ ਪੁੱਛਿਆ, ''ਜੱਗਿਆ, ਇੱਕ ਹਜ਼ਾਰ ਨਾਲ ਕਿਹੜਾ ਕੰਮ ਸ਼ੁਰੂ ਕਰਨੈ?''

ਉਸ ਨੇ ਕਿਹਾ, ''ਜੀ ਮੈਂ ਬਸ ਅੱਡੇ ਕੋਲ ਚਾਹ ਦੀ ਦੁਕਾਨ ਲਾਉਣੀ ਐ, ਜਗ੍ਹਾ ਮੈਂ ਦੇਖ ਲਈ ਐ। ਚਾਹ ਬਣਾਉਣ ਵਾਲਾ ਭਾਂਡਾ, ਸਟੋਵ ਅਤੇ ਇੱਕ ਮੇਜ਼ ਮੇਰੇ ਕੋਲ ਹੈਗਾ। ਬਸ ਚੀਨੀ, ਚਾਹ ਪੱਤੀ, ਮੱਠੀਆਂ, ਲੱਡੂ ਅਤੇ ਕੱਚ ਦੇ ਗਲਾਸ ਅਤੇ ਛਿੱਕੂ ਲੈਣੇ ਨੇ।''

ਮੈਂ ਉਸ ਨੂੰ ਇੱਕ ਹਜ਼ਾਰ ਰੁਪੱਈਆ ਦੇ ਕੇ ਕਿਹਾ, ''ਕੋਈ ਨੀਂ, ਹੋਰ ਲੋੜ ਹੋਵੇ ਦੱਸੀਂ।'' ਉਸ ਨੇ ਪੈਸੇ ਸੰਭਾਲ ਕੇ ਜੈਕਟ ਦੀ ਅੰਦਰਲੀ ਜੇਬ ਵਿੱਚ ਪਾਉਂਦਿਆਂ, ਜਲਦੀ ਪੈਸੇ ਵਾਪਸ ਕਰਨ ਦਾ ਵਾਅਦਾ ਕੀਤਾ ਤੇ ਚਲਾ ਗਿਆ।

ਮੈਂ ਸੋਚਿਆ ਕਿ ਜੇ ਨਾ ਵੀ ਵਾਪਸ ਕਰੇਗਾ ਤਾਂ ਕੋਈ ਗੱਲ ਨੀਂ। ਚਲੋ ਗਰੀਬ ਆਦਮੀ ਦੇ ਘਰ ਰੋਟੀ ਪੱਕਦੀ ਹੋਜੂ, ਪਰ ਵੀਹ ਕੁ ਦਿਨ ਬਾਅਦ ਉਹ ਮੈਨੂੰ ਤਿੰਨ ਸੌ ਰੁਪੱਈਆ ਵਾਪਸ ਕਰ ਗਿਆ। ਮੈਂ ਉਸ ਤੋਂ ਨਾ ਚਾਹੁੰਦੇ ਹੋਏ ਵੀ ਪੈਸੇ ਲੈ ਲਏ ਤਾਂ ਜੋ ਉਸ ਦੇ ਆਤਮ ਸਨਮਾਨ ਨੂੰ ਸੱਟ ਨਾ ਵੱਜੇ। ਇਸ ਤਰ੍ਹਾਂ ਹੌਲੀ-ਹੌਲੀ ਉਹ ਬਾਕੀ ਪੈਸੇ ਵਾਪਸ ਕਰ ਗਿਆ। ਉਸ ਦਾ ਕੰਮ ਵਧੀਆ ਚੱਲ ਰਿਹਾ ਸੀ, ਪਰ ਇਸ ਵਾਰ ਕੋਰੋਨਾ ਕਾਲ ਨੇ ਉਸ ਦਾ ਸਾਰਾ ਕੰਮ ਤਹਿਸ ਨਹਿਸ ਕਰ ਦਿੱਤਾ। ਇਕੱਲੇ ਜੱਗੇ ਦੀ ਦੁਕਾਨ ਹੀ ਨਹੀਂ, ਕਰਫਿਊ ਕਾਰਨ ਸਾਰਾ ਜਨਜੀਵਨ ਹੀ ਠੱਪ ਹੋ ਗਿਆ। ਦੁਕਾਨਦਾਰ, ਦਿਹਾੜੀਦਾਰ, ਰੇਹੜੀ ਫੜ੍ਹੀ ਵਾਲੇ, ਮਜ਼ਦੂਰ ਅਤੇ ਹੋਰ ਹਰ ਰੋਜ਼ ਕਮਾ ਕੇ ਰਾਤ ਨੂੰ ਚੁੱਲ੍ਹਾ ਜਲਾਉਣ ਵਾਲਿਆਂ ਦਾ ਹੋਰਾਂ ਨਾਲੋਂ ਵੱਧ ਬੁਰਾ ਹਾਲ ਹੋ ਗਿਆ। ਸਰਕਾਰ ਵੱਲੋਂ ਜੋ ਰਾਸ਼ਨ ਦੀ ਵੰਡ ਹੋਈ, ਉਹ ਕਾਫੀ ਪਿੰਡਾਂ ਦੀ ਪਾਰੀਟਬਾਜ਼ੀ ਦੀ ਭੇਟ ਚੜ੍ਹ ਗਈ, ਪਰ ਜੱਗੇ ਵਰਗਾ ਅਰਖੀ ਬੰਦਾ ਮੁਫਤ ਰਾਸ਼ਨ ਲੈਣ ਲਈ ਕਿਸੇ ਅੱਗੇ ਲੇਲ੍ਹੜੀਆਂ ਨਹੀਂ ਸੀ ਕੱਢਣੀਆਂ ਚਾਹੁੰਦਾ।

ਅੱਜ ਫਿਰ ਜੱਗੇ ਨੇ ਮੇਰੇ ਘਰ ਦੀ ਘੰਟੀ ਆ ਵਜਾਈ। ਮੈਂ ਗੇਟ ਖੋਲ੍ਹਿਆ, ਬਾਹਰ ਉਹ ਹੱਥ ਜੋੜੀ ਖੜ੍ਹਾ ਸੀ। ਮੈਂ ਉਸ ਨੂੰ ਅੰਦਰ ਬਿਠਾ ਕੇ ਚਾਹ ਪਿਲਾਈ ਤੇ ਆਉਣ ਦਾ ਕਾਰਨ ਪੁੱਛਿਆ। ਅੱਜ ਉਹ ਫਿਰ ਨਵਾਂ ਕੰਮ ਸ਼ੁਰੂ ਕਰਨ ਲਈ ਮੇਰੀ ਮਦਦ ਮੰਗਣ ਆਇਆ ਸੀ। ਮੈਂ ਕਿਹਾ, ''ਜੱਗਿਆ, ਸਾਰਾ ਜਨਜੀਵਨ ਠੱਪ ਪਿਆ ਏ, ਕਰਫਿਊ ਲੱਗਿਆ ਹੋਇਆ ਏ। ਇਸ ਸਮੇਂ ਕਿਹੜਾ ਕੰਮ ਸ਼ੁਰੂ ਕਰਨਾ ਏ?''

ਉਸ ਨੇ ਕਿਹਾ, ''ਜੀ ਮੈਂ ਸਬਜ਼ੀ ਵੇਚਣ ਦਾ ਕੰਮ ਸ਼ੁਰੂ ਕਰਨੈ। ਜੀ ਰਿਕਸ਼ਾ ਰੇਹੜੀ ਮੈਂ ਕਿਰਾਏ ਉੱਤੇ ਲੈ ਲਈ। ਜੇ ਤੁਸੀਂ ਪੰਜ ਕੁ ਹਜ਼ਾਰ ਦੀ ਕਿਰਪਾ ਕਰਦੋ, ਥੋਡੀ ਬੜੀ ਮਿਹਰਬਾਨੀ ਹੋਊਗੀ। ਮੈਂ ਸਵੇਰੇ ਮੰਡੀਓਂ ਆਲੂ, ਪਿਆਜ਼ਾਂ ਦੀ ਬੋਰੀ, ਸਬਜ਼ੀਆਂ ਤੇ ਫਲ ਲੈ ਆਵਾਂਗਾ। ਇਹ ਪਿੰਡਾਂ ਵਿੱਚ ਵੇਚ ਕੇ ਪਰਵਾਰ ਦਾ ਢਿੱਡ ਭਰਨ ਜੋਗੇ ਹੋਜਾਂਗੇ।''

ਉਸ ਸਮੇਂ ਸਾਰੀਆਂ ਦੁਕਾਨਾਂ, ਬਾਜ਼ਾਰ ਬੰਦ ਹੋਣ ਕਾਰਨ ਸਿਰਫ ਫਲਾਂ, ਸਬਜ਼ੀਆਂ ਦੀਆਂ ਰੇਹੜੀਆਂ ਵਾਲਿਆਂ ਨੂੰ ਤੁਰ ਫਿਰ ਕੇ ਸਮਾਨ ਵੇਚਣ ਦੀ ਇਜਾਜ਼ਤ ਸੀ। ਜੱਗੇ ਦੇ ਸਿਦਕ ਨੂੰ ਦੇਖ ਕੇ ਮੈਨੂੰ ਜਾਪਾਨ ਦੇ ਇੱਕ ਮਿਥਿਹਾਸਕ ਜੀਵ ਕੁਕਨੂਸ ਦੀ ਕਹਾਣੀ ਯਾਦ ਆ ਗਈ। ਮਿੱਥ ਅਨੁਸਾਰ ਜਾਪਾਨ ਵਿੱਚ ਇੱਕ ਅਜਿਹਾ ਜੀਵ ਪਾਇਆ ਜਾਂਦਾ ਹੈ ਕਿ ਜੇ ਉਹ ਅੱਗ ਵਿੱਚ ਸੜ ਵੀ ਜਾਵੇ ਤਾਂ ਉਹ ਆਪਣੀ ਇੱਛਾ ਸ਼ਕਤੀ ਨਾਲ ਸੁਆਹ ਵਿੱਚੋਂ ਦੁਬਾਰਾ ਪੈਦਾ ਹੋ ਕੇ ਤੁਰ ਪੈਂਦਾ ਹੈ। ਇਹ ਕਹਾਣੀ ਪਹਿਲਾਂ ਮੈਨੂੰ ਆਚੰਭਿਤ ਕਰਦੀ ਸੀ, ਪਰ ਦੇਸ਼ ਵਿੱਚ ਹੋਈ ਨੋਟਬੰਦੀ, ਕੋਰੋਨਾ ਕਾਲ ਦੌਰਾਨ ਲੰਮਾ ਲਾਕਡਾਊਨ, ਕਰਫਿਊ ਸਮੇਂ ਇਹ ਭੁਲੇਖਾ ਦੂਰ ਹੋ ਗਿਆ। ਜੱਗੇ ਵਰਗੇ ਗਰੀਬ ਮਜ਼ਦੂਰ, ਰੇਹੜੀ ਫੜ੍ਹੀ ਵਾਲੇ ਤੇ ਹੋਰ ਨਿੱਕਾ ਮੋਟਾ ਕੰਮ ਕਰ ਕੇ ਆਪਣਾ ਅਤੇ ਬੱਚਿਆਂ ਦਾ ਢਿੱਡ ਭਰਨ ਵਾਲੇ, ਇਹ ਸਾਰੇ ਕੁਕਨੂਸ ਹੀ ਤਾਂ ਹਨ। ਲਾਕਡਾਊਨ ਦੌਰਾਨ ਜਦੋਂ ਸਾਰੀ ਆਵਾਜਾਈ ਬੰਦ ਸੀ। ਉਸ ਸਮੇਂ ਦੋ ਦੋ ਸੌ ਚਾਰ ਚਾਰ ਸੌ ਕਿਲੋਮੀਟਰ ਪੈਦਲ ਸਫਰ ਕਰ ਕੇ ਆਪਣੇ ਪਿੱਤਰੀ ਘਰਾਂ ਨੂੰ ਵਾਪਸੀ ਕਰਨ ਵਾਲੇ ਸਾਰੇ ਕੁਕਨੂਸ ਹਨ। ਸਾਡਾ ਦੇਸ਼ ਕੁਕਨੂਸਾਂ ਨਾਲ ਭਰਿਆ ਪਿਆ ਏ। ਜਾਪਾਨ ਦਾ ਕੁਕਨੂਸ ਬੇਸ਼ੱਕ ਮਿਥਿਹਾਸਕ ਜੀਵ ਹੈ, ਪਰ ਸਾਡੇ ਦੇਸ਼ ਦੇ ਕੁਕਨੂਸ ਇਤਿਹਾਸਕ ਵੀ ਹਨ ਅਤੇ ਅਜੋਕੇ ਸਮੇਂ ਵਿੱਚ ਖੁਦ ਨੂੰ ਪ੍ਰਭਾਸ਼ਿਤ ਕਰਦੇ ਹੋਏ, ਸੁਆਹ ਦੇ ਢੇਰ ਵਿੱਚੋਂ ਹੌਲੀ ਹੌਲੀ ਦੁਬਾਰਾ ਉਠ ਕੇ ਪੱਲੀਆਂ ਦਾਤੀਆਂ, ਹਥੌੜੇ, ਕਹੀਆਂ, ਸਾਇਕਲਾਂ ਨੂੰ ਮੁੜ ਜਾ ਹੱਥ ਪਾਉਂਦੇ ਹਨ।

''ਸਰਦਾਰ ਜੀ ਜੇ ਪੰਜ ਹਜ਼ਾਰ ਨ੍ਹੀਂ ਤਾਂ ਤਿੰਨ ਹਜ਼ਾਰ ਹੀ ਦੇ ਦਿਓ।'' ਜੱਗੇ ਦੀ ਮਿੰਨਤ ਭਰੀ ਆਵਾਜ਼ ਨੇ ਮੈਨੂੰ ਸੋਚਾਂ ਵਿੱਚੋਂ ਬਾਹਰ ਕੱਢਿਆ। ਮੈਂ ਬਿਨਾਂ ਕੋਈ ਅਗਲਾ ਸੁਆਲ ਕੀਤਿਆਂ ਉਸ ਨੂੰ ਪੰਜ ਹਜ਼ਾਰ ਰੁਪਏ ਦੇ ਦਿੱਤੇ। ਉਸ ਨੇ ਆਪਣੇ ਸਿਰ ਤੋਂ ਪਰਨਾ ਉਤਾਰਿਆ। ਪੈਸੇ ਸਾਂਭ ਕੇ ਪਰਨ ਦੇ ਲੜ ਵਿੱਚ ਬੰਨ੍ਹ ਲਿਆ, ਜਿਵੇਂ ਬਹੁਤ ਵੱਡੀ ਰਕਮ ਲੁਕੋ ਕੇ ਲੈ ਜਾ ਰਿਹਾ ਹੋਵੇ, ਪਰ ਉਸ ਸਮੇਂ ਗਰੀਬ ਆਦਮੀ ਲਈ, ਇਹ ਰਕਮ ਵੱਡੀ ਸੀ। ਸੁਆਹ ਦੇ ਢੇਰ ਵਿੱਚੋਂ ਆਪਣੀ ਇੱਛਾ ਸ਼ਕਤੀ ਨਾਲ ਦੁਬਾਰਾ ਪੈਦਾ ਹੋਏ ਇਸ ਕੁਕਨੂਸ ਨੇ ਅਗਲੇ ਦਿਨ ਫਲਾਂ ਸਬਜ਼ੀਆਂ ਦਾ ਹੋਕਾ ਪਿੰਡਾਂ ਵਿੱਚ ਜਾ ਲਾਇਆ।

## ਮਿੰਨੀ ਕਹਾਣੀ

# ਪੁੱਤ-ਕਪੁੱਤ

-ਹਰਦਿਆਲ ਸਿੰਘ ਸੈਲਾ

ਕਾਰ ਬਿਰਧ ਆਸ਼ਰਮ ਦੇ ਵਿਹੜੇ ਵਿੱਚ ਰੁਕੀ। ਉਸ ਵਿੱਚੋਂ ਪੈਂਟ-ਕੋਟ ਪਹਿਨੀ ਬਾਊ ਨਿਕਲਿਆ। ਉਹ ਵਿਹੜੇ ਵਿੱਚ ਰੱਖੀਆਂ ਕੁਰਸੀਆਂ ਵੱਲ ਵਧਿਆ। ਆਸ਼ਰਮ ਦੇ ਸੇਵਾਦਾਰ ਨੇ ਹੱਥ ਜੋੜ ਕੇ ਸਵਾਗਤ ਕੀਤਾ ਅਤੇ ਬਾਬੂ ਨੂੰ ਕੁਰਸੀ ਉੱਤੇ ਬੈਠਣ ਲਈ ਕਿਹਾ। ਆਪ ਵੀ ਕੁਰਸੀ ਉੱਤੇ ਬੈਠ ਗਿਆ।

''ਦੱਸੋ ਜੀ, ਕਿਵੇਂ ਆਉਣਾ ਹੋਇਆ?'' ਸੇਵਾਦਾਰ ਨੇ ਬਾਊ ਨੂੰ ਪੁੱਛਿਆ।

ਬਾਊ ਨੇ ਜਵਾਬ ਦਿੰਦਿਆਂ ਕਿਹਾ, ''ਮੈਂ ਆਪਣੀ ਕਮਾਈ ਵਿੱਚੋਂ ਕੁਝ ਦਾਨ ਕਰਨ ਆਇਆ ਹਾਂ। ਕੁਝ ਕੁ ਫਲ ਹਨ ਤੇ ਕੁਝ ਕਰਿਆਨੇ ਦੀਆਂ ਚੀਜ਼ਾਂ ਹਨ। ਸਵੀਕਾਰ ਕਰੋ।''

''ਲਿਆਵੋ ਜੋ ਕੁਝ ਦਾਨ ਕਰਨਾ ਹੈ।'' ਸੇਵਾਦਾਰ ਨੇ ਬਾਊ ਨੂੰ ਕਿਹਾ।

ਬਾਊ ਕਾਰ ਵੱਲ ਗਿਆ ਤੇ ਵਿੱਚੋਂ ਇੱਕ ਪੇਟੀ ਫਲਾਂ ਦੀ ਤੇ ਇੱਕ ਪੇਟੀ ਕਰਿਆਨੇ ਦੀ ਕੱਢ ਕੇ ਬਾਹਰ ਰੱਖ ਦਿੱਤੀ। ਸੇਵਾਦਾਰ ਨੇ ਦੋਵੇਂ ਪੇਟੀਆਂ ਲਿਜਾ ਕੇ ਕਮਰੇ ਵਿੱਚ ਰੱਖ ਦਿੱਤੀਆਂ ਤੇ ਆ ਕੇ ਕੁਰਸੀ ਉੱਤੇ ਬੈਠ ਗਿਆ।

''ਆਪਣਾ ਨਾਂਅ ਤੇ ਪਤਾ ਲਿਖਾਓ, ਕਿਉਂਕਿ ਅਸੀਂ ਆਪਣੇ ਰਜਿਸਟਰ ਵਿੱਚ ਦਰਜ ਕਰਨਾ ਹੈ।'' ਸੇਵਾਦਾਰ ਨੇ ਬਾਊ ਨੂੰ ਕਿਹਾ।

''ਮੈਂ ਰਹਿੰਦਾ ਤਾਂ ਸ਼ਹਿਰ ਵਿੱਚ ਹਾਂ, ਪਰ ਮੈਂ ਪਤਾ ਆਪਣੇ ਪਿੰਡ ਦਾ ਲਿਖਵਾਉਂਦਾ ਹਾਂ।'' ਇਹ ਕਹਿੰਦਿਆਂ ਉਸ ਨੇ ਨਾਂਅ ਪਤਾ ਲਿਖਵਾ ਦਿੱਤਾ।

ਸੇਵਾਦਾਰ ਨੇ ਕਿਹਾ, ''ਤੁਸੀਂ ਜਿਹੜਾ ਪਿੰਡ ਲਿਖਾਇਆ ਹੈ, ਉਥੋਂ ਦਾ ਇੱਕ ਬਜ਼ੁਰਗ ਇਥੇ ਸਾਡੇ ਆਸ਼ਰਮ ਵਿੱਚ ਦਾਖਲ ਹੈ, ਤੁਸੀਂ ਮਿਲਣਾ ਚਾਹੁੰਦੇ ਹੋ ਤਾਂ ਆਓ ਮਿਲਾ ਦਿਆਂਗਾ।''

''ਹਾਂ ਹਾਂ, ਜ਼ਰੂਰ ਮਿਲਾਂਗਾ।'' ਬਾਊ ਬੋਲਿਆ।

ਉਹ ਦੋਵੇਂ ਬਜ਼ੁਰਗ ਦੇ ਕਮਰੇ ਵਿੱਚ ਗਏ ਤਾਂ ਬਾਊ ਹੈਰਾਨ ਹੋ ਕੇ ਕਹਿਣ ਲੱਗਾ, ''ਇਹ ਤਾਂ ਮੇਰਾ ਬਾਪੂ ਹੈ।''

''ਤੁਹਾਡੇ ਪਿੰਡ ਦੇ ਕੁਝ ਮੋਹਤਬਰ ਬੰਦੇ ਇਸ ਨੂੰ ਸਾਡੇ ਕੋਲ ਛੱਡ ਗਏ ਸਨ। ਕਹਿੰਦੇ ਸਨ ਕਿ ਇਸ ਵਿਚਾਰੇ ਨੂੰ ਸਾਂਭਣ ਵਾਲਾ ਕੋਈ ਨਹੀਂ।'' ਸੇਵਾਦਾਰ ਨੇ ਬਾਊ ਨੂੰ ਸੁਣਾਇਆ।''

ਬਾਊ ਨੇ ਬਜ਼ੁਰਗ ਨੂੰ ਪੁੱਛਿਆ, ''ਬਾਪੂ ਜੀ, ਤੁਹਾਡਾ ਕੀ ਹਾਲ ਹੈ?''


ਬਜ਼ੁਰਗ ਨੇਤਰਹੀਣ ਸੀ, ਪਰ ਉਸ ਨੇ ਆਵਾਜ਼ ਪਛਾਣ ਲਈ। ਉਹ ਕੜਕਵੀਂ ਆਵਾਜ਼ ਵਿੱਚ ਬੋਲਿਆ, ''ਜਾਹ ਦਫਾ ਹੋ ਜਾ ਇੱਥੋਂ, ਤੂੰ ਮੇਰਾ ਕੁਝ ਨਹੀਂ ਲੱਗਦਾ। ਤੈਨੂੰ ਮੈਂ ਦਿਹਾੜੀਆਂ ਕਰ ਕੇ ਪਾਲਿਆ, ਪੜ੍ਹਾਇਆ ਅਤੇ ਨੌਕਰੀ ਜੋਗਾ ਕੀਤਾ। ਤੂੰ ਮਾਂ-ਬਾਪ ਨੂੰ ਛੱਡ ਸ਼ਹਿਰ ਵਿੱਚ ਜਾ ਕੇ ਰਹਿਣ ਲੱਗਾ ਪਿਆ। ਵਿਆਹ ਪਿੱਛੋਂ ਤੂੰ ਘਰਵਾਲੀ ਦੇ ਕਹੇ ਸਾਨੂੰ ਛੱਡ ਗਿਆ। ਤੇਰੀ ਮਾਂ ਤੈਨੂੰ ਯਾਦ ਕਰਦੀ-ਕਰਦੀ ਦੁਨੀਆ ਨੂੰ ਛੱਡ ਗਈ। ਚਾਰ ਸਾਲ ਹੋ ਗਏ ਤੂੰ ਪਿੰਡ ਨਹੀਂ ਵੜਿਆ। ਮੈਂ ਵੀ ਨਦੀ ਕਿਨਾਰੇ ਰੁੱਖ ਵਾਂਗ ਹਾਂ। ਪਤਾ ਨਹੀਂ ਕਿਹੜੇ ਵੇਲੇ...।'' ਬਜ਼ੁਰਗ ਦੀਆਂ ਅੱਖਾਂ ਵਿੱਚੋਂ ਹੰਝੂ ਛਲਕ ਪਏ।

ਬਾਊ ਕੁਝ ਨਾ ਬੋਲਿਆ ਤੇ ਚੁੱਪ ਚਾਪ ਕਾਰ ਵਿੱਚ ਬੈਠ ਕੇ ਸ਼ਹਿਰ ਵੱਲ ਰਵਾਨਾ ਹੋ ਗਿਆ।

ਸੇਵਾਦਾਰ ਨੇ ਬਜ਼ੁਰਗ ਨੂੰ ਹੌਸਲਾ ਦਿੰਦਿਆਂ ਕਿਹਾ, ''ਬਜ਼ੁਰਗੋ, ਅਸੀਂ ਇੱਥੇ ਤੇਰੇ ਪੁੱਤ ਹੀ ਹਾਂ।'' ਫਿਰ ਸੇਵਾਦਾਰ ਨੇ ਬਜ਼ੁਰਗ ਨੂੰ ਬਿਸਤਰੇ ਉੱਤੇ ਲਿਟਾ ਦਿੱਤਾ, ਪਰ ਬਜ਼ੁਰਗ ਅਜੇ ਵੀ ਕੁਝ ਨਾ ਕੁਝ ਬੋਲੀ ਜਾ ਰਿਹਾ ਸੀ।

# ਆਬਾਦੀ ਪੱਖੋਂ ਮੋਹਰੀ ਬਣ ਰਹੇ ਭਾਰਤ ਦੀ ਹਕੂਮਤ ਸੁਫਨੇ ਪੇਸ਼ ਕਰਨੇ ਛੱਡ ਕੇ ਹਕੀਕਤਾਂ ਨੂੰ ਪਛਾਣੇ





ਜਤਿੰਦਰ ਪੰਨੂ

ਜੁਲਾਈ ਦਾ ਦੂਸਰਾ ਹਫਤਾ ਸੀ, ਜਦੋਂ ਇਹ ਖਬਰ ਮਿਲੀ ਕਿ ਤਾਜ਼ਾ ਅੰਕੜਿਆਂ ਮੁਤਾਬਕ ਅਗਲੇ ਸਾਲ ਭਾਰਤ ਦੀ ਆਬਾਦੀ ਅਜੇ ਤੱਕ ਸਾਰਿਆਂ ਤੋਂ ਅੱਗੇ ਗਿਣੇ ਜਾਂਦੇ ਚੀਨ ਤੋਂ ਵਧ ਜਾਵੇਗੀ ਤੇ ਫਿਰ ਆਬਾਦੀ ਪੱਖੋਂ ਭਾਰਤ 'ਨੰਬਰ ਵੰਨ' ਦੇਸ਼ ਗਿਣਿਆ ਜਾਣ ਲੱਗੇਗਾ। ਹੋਰ ਕਿਸੇ ਗੱਲ ਵਿੱਚ ਨਹੀਂ ਤਾਂ ਆਬਾਦੀ ਪੱਖੋਂ ਸਹੀ, ਕਈ ਸੱਜਣਾਂ ਨੂੰ ਇਹ ਵੀ ਭਾਰਤ ਦੀ ਇੱਕ 'ਪ੍ਰਾਪਤੀ' ਜਾਪਣ ਲੱਗ ਪਈ, ਪਰ ਕਈ ਹੋਰਨਾਂ ਨੂੰ ਇਸ ਨਾਲ ਜੁੜੇ ਕਈ ਗੰਭੀਰ ਪੱਖਾਂ ਨੇ ਚਿੰਤਾ ਲਾਈ ਹੈ। ਉਹ ਲੋਕ ਇਹ ਸੋਚ ਰਹੇ ਹਨ ਕਿ ਜਦੋਂਭਾਰਤ ਤੋਂ ਅਜੋਕੀ ਆਬਾਦੀ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਮੁਸ਼ਕਲ ਹੋ ਰਹੀਆਂ ਹਨ ਤਾਂ ਚੀਨ ਤੋਂ ਆਬਾਦੀ ਵਧਣ ਨਾਲ ਭਾਰਤੀ ਲੋਕਾਂ ਦਾ ਜੀਵਨ ਭਵਿੱਖ ਵਿੱਚ ਸੁਖਾਲਾ ਕਰਨ ਦੇ ਸੁਫਨਿਆਂ ਤੇ ਸਕੀਮਾਂ ਮੂਹਰੇ ਨਵੇਂ ਸਪੀਡ-ਬਰੇਕਰ ਵਧ ਜਾਣਗੇ। ਅਸੀਂ ਵੀ ਇਸ ਬਾਰੇ ਸੋਚਿਆ ਅਤੇ ਇਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਆਬਾਦੀ ਨਾਲ ਜੁੜੇ ਇਤਹਾਸਕ ਪੱਖਾਂ ਉੱਤੇ ਨਜ਼ਰ ਮਾਰਨ ਦਾ ਯਤਨ ਕੀਤਾ ਹੈ।

ਪਹਿਲੀ ਗੱਲ ਇਹ ਕਿ ਅਸੀਂ ਬਚਪਨ ਵਿੱਚ ਇਹ ਕਹਾਣੀਆਂ ਸੁਣਦੇ ਹੁੰਦੇ ਸਾਂ ਕਿ ਅੰਗਰੇਜ਼ਾਂ ਵੇਲੇ ਜਿਸ ਦੇ ਬਾਰਾਂ ਪੁੱਤਰ ਹੋਣ, ਉਸ ਨੂੰ ਇੱਕ ਮੁਰੱਬਾ (ਪੰਝੀ ਏਕੜ) ਜ਼ਮੀਨ ਸਰਕਾਰ ਦੇਂਦੀ ਹੁੰਦੀ ਸੀ, ਪਰ ਆਜ਼ਾਦੀ ਪਿੱਛੋਂ 'ਨਿਕੰਮੀ' ਸਰਕਾਰ ਆਬਾਦੀ ਰੋਕਣ ਤੁਰੀ ਹੋਈ ਹੈ। ਅੱਜ ਉਹ ਜ਼ਮਾਨਾ ਨਹੀਂ ਰਿਹਾ, ਸਗੋਂ ਇਸ ਦੀ ਥਾਂ ਲੋਕ ਆਮ ਤੌਰ ਉੱਤੇ ਇਹ ਸਮਝਣ ਲੱਗੇ ਹਨ ਕਿ ਆਬਾਦੀ ਵਧੀ ਤਾਂ ਮੁਸ਼ਕਲਾਂ ਵਧਣਗੀਆਂ, ਪਰ ਸਾਰੇ ਲੋਕ ਇੰਜ ਨਹੀਂ ਸੋਚਦੇ। ਕਈ ਧਾਰਮਿਕ ਪੁਰਸ਼ ਅੱਜ ਵੀ ਆਪੋ-ਆਪਣੇ ਧਰਮ ਦੇ ਲੋਕਾਂ ਨੂੰ ਸੱਦੇ ਦੇਣ ਲੱਗੇ ਹੋਏ ਹਨ ਕਿ ਬੱਚੇ ਵੱਧ ਤੋਂ ਵੱਧ ਪੈਦਾ ਕਰਿਆ ਕਰੋ, ਤਾਂ ਕਿ ਅਸੀਂ ਆਪਣੇ ਧਰਮ ਦੀ ਤਰੱਕੀ ਵਿੱਚ ਪਛੜ ਨਾ ਜਾਂਦੇ ਹੋਈਏ। ਇਨ੍ਹਾਂ ਵਿੱਚ ਭਾਰਤ ਦੇ ਮੁੱਖ ਤਿੰਨੇ ਧਰਮਾਂ ਵਾਲੇ ਆਗੂ ਸ਼ਾਮਲ ਹਨ ਅਤੇ ਕਈ ਇਹੋ ਜਿਹੇ ਸਾਧੂ-ਸੰਤ ਵੀ ਇਸ ਤਰ੍ਹਾਂ ਦੇ ਸੱਦੇ ਦੇਈ ਜਾਂਦੇ ਹਨ, ਜਿਨ੍ਹਾਂ ਨੇ ਆਪ ਵਿਆਹ ਨਹੀਂ ਕਰਵਾਏ ਤੇਬ੍ਰਹਮਚਾਰੀ ਹੋਣ ਦੇ ਝੰਡੇ ਹੇਠ ਸੁੱਚੇ ਮੂੰਹ ਦੁਨੀਆ ਤੋਂ ਤੁਰ ਜਾਣ ਦਾ ਇਰਾਦਾ ਹੈ। ਆਬਾਦੀ ਦੇ ਨਾਲ ਜੁੜੇ ਆਰਥਿਕ ਮੁੱਦਿਆਂ ਬਾਰੇ ਨਾ ਉਨ੍ਹਾਂ ਨੂੰ ਸੋਚਣ ਦੀ ਲੋੜ ਹੈ, ਨਾ ਉਨ੍ਹਾਂ ਨੂੰ ਏਨੀ ਅਕਲ ਹੈ ਤੇ ਨਾ ਇਸ ਸੋਚਣੀ ਨਾਲ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਫਰਕ ਪੈਂਦਾ ਹੈ, ਪਰ ਸਾਨੂੰ ਸੰਸਾਰੀ ਜੀਵਨ ਵਾਲੇ ਲੋਕਾਂ ਨੂੰ ਪੈਂਦਾ ਹੈ।

ਆਬਾਦੀ ਵਧ ਰਹੀ ਹੈ ਤੇ ਇਕੱਲੇ ਭਾਰਤ ਦੀ ਨਹੀਂ ਵਧਦੀ, ਸਾਰੇ ਸੰਸਾਰ ਦੀ ਵਧ ਰਹੀ ਹੈ। ਸੰਸਾਰ ਦੀ ਆਬਾਦੀ ਇੱਕ ਸੌ ਕਰੋੜ ਦੇ ਅੰਕੜੇ ਨੂੰ 1804 ਵਿੱਚ ਟੱਪੀ ਸੀ ਤੇ 1930 ਵਿੱਚ ਦੂਸਰਾ ਸੌ ਕਰੋੜ ਹੋਣ ਨੂੰ ਕਰੀਬ ਇੱਕ ਸੌ ਛੱਬੀ ਸਾਲ ਲੱਗ ਗਏ ਸਨ। ਤੀਸਰਾ ਸੌ ਕਰੋੜ ਮਸਾਂ ਤੀਹ ਸਾਲਾਂ ਵਿੱਚ 1960 ਵਿੱਚ ਪੂਰਾ ਹੋ ਗਿਆ ਸੀ ਅਤੇ ਚੌਥਾ ਸੌ ਚੌਦਾਂ ਸਾਲਾਂ ਵਿੱਚ ਸਾਲ 1974 ਵਿੱਚ ਪਾਰ ਕਰ ਲਿਆ ਸੀ। ਪੰਜਵਾਂ ਸੌ ਕਰੋੜ ਹੋਣ ਨੂੰ 1987 ਤੱਕ ਤੇਰਾਂ ਸਾਲ ਲੱਗੇ ਸਨ ਤੇ ਆਬਾਦੀ ਵਧਣ ਤੋਂ ਰੋਕਣ ਲਈ ਸੰਸਾਰ ਵਿੱਚ ਹੋਏ ਪ੍ਰਚਾਰ ਕਾਰਨ ਛੇਵਾਂ ਸੌ ਕਰੋੜ 1999 ਤੱਕ ਟੱਪਣ ਤੱਕ ਬਾਰਾਂ ਸਾਲ ਲੱਗੇ ਸਨ। ਏਥੋਂ ਆਣ ਕੇ ਵਾਧੇ ਦੀ ਸਪੀਡ ਕੁਝ ਰੁਕੀ ਸੀ ਤੇ ਸੱਤਵੇਂ ਸੌ ਕਰੋੜ ਦੀ ਖਬਰ ਵੀ ਬਾਰਾਂ ਸਾਲ ਲਾ ਕੇ 2011 ਵਿੱਚ ਆਈ ਸੀ ਤੇ ਉਸ ਪਿੱਛੋਂ ਅੱਠਵਾਂ ਸੌ ਕਰੋੜ ਵੀ ਬਾਰਾਂ ਸਾਲਾਂ ਬਾਅਦ 2023 ਵਿੱਚ ਹੋਣਾਮੰਨਿਆ ਜਾਂਦਾ ਹੈ। ਭਾਰਤ ਦੀ ਆਬਾਦੀ 1960 ਵਿੱਚ ਪੰਜਤਾਲੀ ਕਰੋੜ ਸੀ, 1970 ਤੱਕ ਦਸ ਕਰੋੜ ਵਧੀ ਅਤੇਪਚਵੰਜਾ ਕਰੋੜ ਤੱਕ ਪਹੁੰਚੀ, ਪਰ ਅਗਲੇ ਦਸ ਸਾਲਾਂ ਮਗਰੋਂ 1980 ਵਿੱਚ ਇਹ ਪੰਦਰਾਂ ਕਰੋੜ ਵਧ ਕੇ ਸੱਤਰ ਕਰੋੜ ਦੇ ਅੰਕੜੇ ਨੂੰ ਪਹੁੰਚ ਗਈ ਸੀ। ਫਿਰ 1990 ਤੱਕ ਦੇ ਦਸ ਸਾਲਾਂ ਵਿੱਚ ਸਤਾਰਾਂ ਕਰੋੜ ਵਧ ਕੇ ਸਤਾਸੀ ਕਰੋੜ ਹੋਈ ਅਤੇ 2000 ਤੱਕ ਇਸ ਨੂੰ ਰੋਕਣ ਦੇ ਪ੍ਰਚਾਰ ਦੇ ਬਾਵਜੂਦ ਉੱਨੀ ਕਰੋੜ ਹੋਰ ਵਧ ਕੇ ਸੌ ਕਰੋੜ ਦਾ ਅੰਕੜਾ ਟੱਪਣ ਨਾਲਇੱਕ ਸੌ ਛੇ ਨੇੜੇ ਜਾ ਪੁੱਜੀ ਸੀ। ਏਥੇ ਆ ਕੇ ਸਪੀਡ ਕੁਝ ਘਟੀ ਤੇ ਅਠਾਰਾਂ ਕਰੋੜ ਦੇ ਵਾਧੇ ਨਾਲ 2010 ਵਿੱਚ ਇੱਕ ਸੌ ਤੇਈ ਕਰੋੜ ਤੱਕ ਗਈ, ਜਿਸ ਪਿੱਛੋਂ 2020 ਵਿੱਚ ਬਾਰਾਂ ਕਰੋੜ ਦੇ ਕਰੀਬ ਵਾਧੇ ਨਾਲ ਇਹ ਇੱਕ ਸੌ ਪੈਂਤੀ ਕਰੋੜ ਹੋ ਗਈ। ਇਸ ਵਕਤ ਭਾਰਤ ਦੇਸ਼ ਆਪਣੇ ਲੋਕਾਂ ਦੀ ਗਿਣਤੀ ਅਗਲੇ ਸਾਲ ਇੱਕ ਸੌ ਚਾਲੀ ਕਰੋੜ ਤੋਂ ਵਧਾ ਕੇ ਚੀਨ ਨੂੰ ਪਛਾੜਨ ਵਾਲਾ ਸੁਣੀਂਦਾ ਹੈ।

ਇਹ ਸਿਰਫ ਇੱਕ ਪੱਖ ਹੈ, ਦੂਸਰਾ ਪੱਖ ਇਹ ਹੈ ਕਿ ਚੀਨ ਨੂੰ ਭਾਰਤ ਆਬਾਦੀ ਦੇ ਪੱਖ ਤੋਂ ਬਹੁਤ ਪਹਿਲਾਂ ਪਿੱਛੇ ਛੱਡ ਆਇਆ ਜਾਪਦਾ ਹੈ। ਆਬਾਦੀ ਨੂੰ ਸਿਰਫ ਕੁੱਲ ਗਿਣਤੀ ਦੇ ਪੱਖੋਂ ਨਹੀਂ ਵੇਖਿਆ ਜਾਂਦਾ, ਖੇਤਰਫਲ ਵਾਲਾ ਪੱਖ ਵੀ ਵੇਖਣਾ ਪੈਂਦਾ ਹੈ ਤੇ ਇਹ ਪੱਖ ਵੇਖੀਏ ਤਾਂ ਲੰਬੇ ਚੌੜੇ ਦੇਸ਼ ਵਾਲੇ ਚੀਨ ਦੀ ਆਬਾਦੀ ਹਰ ਵਰਗ ਕਿਲੋਮੀਟਰ ਪਿੱਛੇ 153 ਜੀਅ ਬਣਦੀ ਹੈ, ਜਦ ਕਿ ਭਾਰਤ ਦੀ 460 ਜੀਅ ਪ੍ਰਤੀ ਵਰਗ ਕਿਲੋਮੀਟਰ ਤੋਂ ਵੱਧ ਹੈ। ਚੀਨ ਦੀ ਜਣੇਪਾ ਦਰ ਪਿਛਲੇ ਤੀਹ ਸਾਲਾਂ ਵਿੱਚ ਕਦੇ ਦੋ ਫੀਸਦੀ ਤੋਂ ਨਹੀਂ ਵਧੀ ਤੇ ਭਾਰਤ ਦੀ ਤੀਹ ਸਾਲ ਪਹਿਲੇ ਸਵਾ ਚਾਰ ਫੀਸਦੀ ਤੋਂ ਘਟਦੀ ਹਾਲੇ ਤੱਕ ਮਸਾਂ ਸਵਾ ਦੋ ਫੀਸਦੀ ਤੱਕ ਡਿੱਗੀ ਹੈ, ਜਿਸ ਕਾਰਨ ਤੇਜ਼ੀ ਨਾਲ ਵਧ ਰਹੀ ਹੈ। ਅਗਲੇ ਸਾਲ ਭਾਰਤ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੋਣ ਵਾਲੀ 'ਪ੍ਰਾਪਤੀ' ਕਰ ਲਵੇਗਾ, ਪਰਪਹਿਲੀਆਂ ਸਮੱਸਿਆਵਾਂ ਨਾਲ ਉਲਝਿਆ ਪਿਆ ਦੇਸ਼ ਇਸ ਨਾਲ ਹੋਰ ਉਲਝ ਜਾਵੇਗਾ। ਜਿਹੜੀ ਭਾਰਤ ਮਾਤਾ ਪਹਿਲੀਆਂ ਮੁਸ਼ਕਲਾਂ ਦੇ ਬੋਝ ਹੇਠ ਕੁੱਬੇ ਲੱਕ ਹੋਈ ਪਈ ਹੈ, ਉਸ ਦੇ ਗੋਡੇ ਸਭ ਤੋਂ ਵੱਧ ਆਬਾਦੀ ਵਾਲੀ'ਪ੍ਰਾਪਤੀ' ਦੇ ਬੋਝ ਹੇਠ ਠੋਡੀ ਨਾਲ ਜਾ ਲੱਗਣਗੇਅਤੇ ਭੁੱਖਾਂ ਮਾਰੀ ਇਸ ਦੇਸ਼ ਦੀ ਜਨਤਾ ਨੂੰ ਦੇਸ਼ ਦੇ ਹੁਕਮਰਾਨ 'ਪੰਜ ਟ੍ਰਿਲੀਅਨ ਵਾਲੀ ਆਰਥਿਕਤਾ' ਦੇ ਗੋਲ਼ ਵੱਲ ਦੌੜਦੇ ਰਹਿਣ ਲਈ ਥਾਪੜੇ ਦੇਈ ਜਾਣਗੇ। ਧਰਮ ਦਾ ਜਿਹੜਾ ਨਾਅਰਾ ਅੱਜ ਤੱਕ ਭਗਵਾਨ ਸ਼ਿਵ ਲਈ ਵਰਤਿਆ ਜਾਂਦਾ ਸੀ, ਦੇਸ਼ ਦੇ ਅਜੋਕੇ ਲੀਡਰ ਲਈ ਇਹੋ ਨਾਅਰਾ ਲਾਉਂਦੇ ਲੋਕਾਂ ਦੀ ਭੀੜ ਨੂੰ ਅਸੀਂ ਮਾਰੂਥਲ ਵਿੱਚ ਭਟਕਦੇ ਹਿਰਨਾਂ ਵਾਂਗ ਦੌੜਦੇ ਵੇਖਾਂਗੇ।

ਸਾਨੂੰ ਹੈਰਾਨੀ ਹੁੰਦੀ ਹੈ ਕਿ ਇਹੋ ਜਿਹੇ ਮੌਕੇ ਇਸ ਦੇਸ਼ ਦੇ ਨੀਤੀਵਾਨ ਸਾਡੇ ਲੋਕਾਂ ਨੂੰ ਭਾਰਤੀ ਹਾਲਾਤ ਦੀ ਤੁਲਨਾ ਗਵਾਂਢ ਦੇ ਉਨ੍ਹਾਂ ਦੇਸ਼ਾਂ ਦੇ ਲੋਕਾਂ ਨਾਲਕਰਨਾ ਸਿਖਾਰਹੇ ਹਨ, ਜਿਨ੍ਹਾਂ ਦੇ ਪੈਰ ਕਦੀ ਜ਼ਮੀਨ ਉੱਤੇ ਟਿਕਦੇ ਹੀ ਨਹੀਂ ਸਨ ਵੇਖੇ ਗਏ। ਉਸਪਾਕਿਸਤਾਨ ਨਾਲ ਭਾਰਤ ਦੀ ਤੁਲਨਾ ਕੀਤੀ ਜਾਦੀ ਹੈ, ਜਿਹੜਾ ਆਜ਼ਾਦੀ ਪਿੱਛੋਂ ਦੀ ਪੌਣੀ ਸਦੀ ਤੋਂ ਵੱਧ ਅਮਰੀਕਨਾਂ ਅਤੇ ਉਨ੍ਹਾਂ ਦੇ ਸਾਥੀ ਦੇਸ਼ਾਂ ਦੇ ਦਿੱਤੇ ਪੈਸਿਆਂ ਨਾਲ ਬੁੱਤਾ ਸਾਰਦਾ ਰਿਹਾ ਤੇ ਅਮਰੀਕਨਾਂ ਨਾਲ ਯਾਰੀ ਟੁੱਟਣ ਪਿੱਛੋਂ ਓਥੋਂ ਦਾ ਹਰ ਹਾਕਮ ਠੂਠਾ ਚੁੱਕ ਕੇ ਚੀਨ ਅਤੇ ਖਾੜੀ ਦੇਸ਼ਾਂ ਨੂੰ ਦੌੜਦਾ ਰਹਿੰਦਾ ਹੈ। ਭਾਰਤ ਦੇ ਹਾਕਮਾਂ ਅਤੇ ਉਨ੍ਹਾਂ ਦੇ ਢੰਡੋਰਚੀਆਂ ਲਈ ਇਹੋ ਗੱਲ ਬੜੀ ਖੁਸ਼ੀ ਦੀ ਹੈ ਕਿਸੰਸਾਰ ਵਿੱਚ ਜੀ ਡੀ ਪੀ (ਸਮੁੱਚੇ ਘਰੇਲੂ ਉਤਪਾਦਨ) ਗਿਣਨ ਦੇ ਚਾਰਟ ਵਿੱਚ ਪਾਕਿਸਤਾਨ ਸਾਡੇ ਤੋਂ ਅਠਾਰਾਂ ਦਰਜੇ ਨੀਵਾਂ ਦਿੱਸਦਾ ਹੈ, ਬੰਗਲਾ ਦੇਸ਼ ਵੀ ਦੋ ਦਰਜੇ ਹੇਠਾਂ ਹੈ, ਪਰ ਥੋੜ੍ਹੀ ਹੋਰ ਝਾਤੀ ਮਾਰ ਲਈਏ ਤਾਂ ਇਹ ਤਸੱਲੀ ਵੀ ਖੰਭ ਲਾ ਕੇ ਉੱਡ ਜਾਂਦੀ ਹੈ। ਅਰਾਜਕਤਾ ਦਾ ਭੰਨਿਆ ਪਿਆ ਸ੍ਰੀਲੰਕਾ ਅਜੇ ਵੀ ਸਾਡੇ ਤੋਂ ਬਾਰਾਂ ਦਰਜੇ ਉੱਤੇ ਲਿਖਿਆ ਦਿੱਸਦਾ ਹੈ ਅਤੇ ਭੂਟਾਨ ਵਰਗਾ ਬਚੂੰਗੜਾ ਜਿਹਾ ਦੇਸ਼ ਭਾਰਤ ਤੋਂ ਸੱਤ ਦਰਜੇ ਉੱਚਾ ਦਿੱਸਦਾ ਹੈ। ਫਿਰ ਜੇ ਭੁੱਖਮਰੀ ਵਾਲਾ ਖਾਤਾ ਦੇਖਣ ਲੱਗ ਜਾਈਏ ਤਾਂ ਤਸੱਲੀ ਕਰਨ ਲਈ ਜੰਗਾਂ ਦਾ ਭੰਨਿਆ ਅਤੇ ਸਾਡੇ ਤੋਂ ਦੋ ਦਰਜੇ ਹੋਰ ਹੇਠਾਂ ਲਿਖਿਆ ਅਫਗਾਨਿਸਤਾਨ ਵੇਖ ਕੇ ਮਨ ਨੂੰ ਤਸੱਲੀ ਦੇਣੀ ਪਵੇਗੀ, ਪਾਕਿਸਤਾਨ ਵੀ ਇਸ ਖਾਤੇ ਵਿੱਚ ਸਾਡੇ ਨਾਲੋਂ ਅੱਠ ਦਰਜੇ ਚੰਗੇ ਥਾਂ ਲਿਖਿਆ ਹੈ। ਇਹ ਸੱਚਾਈ ਸਾਡੇ ਲੋਕਾਂ ਨੂੰ ਪਤਾ ਹੀ ਨਹੀਂ।

ਭਾਰਤ ਉਸ ਪੜਾਅ ਉੱਤੇ ਪਹੁੰਚ ਚੁੱਕਾ ਹੈ, ਜਿੱਥੇ ਸੁਫਨਿਆਂ ਨਾਲ ਬੁੱਤਾ ਸਾਰਨ ਦੀ ਥਾਂ ਹਕੀਕਤਾਂ ਪ੍ਰਵਾਨ ਕਰਨ ਦੀ ਹਿੰਮਤ ਵਿਖਾਉਣੀ ਪਵੇਗੀ। ਸੜਕ ਉੱਤੇ ਜਾਂਦਾ ਕੋਈ ਬੰਦਾ ਅਸਮਾਨ ਵੱਲ ਝਾਕਦਾ ਜਾਂਦਾ ਸੀ, ਪਿੱਛੋਂ ਆਉਂਦੇ ਟਰੱਕ ਦੇ ਡਰਾਈਵਰ ਨੇ ਹਾਰਨ ਵਜਾ ਕੇ ਕਿਹਾ ਸੀ: ਮੂਰਖਾ, ਹੇਠਾਂ ਵੇਖ ਕੇ ਚੱਲਿਆ ਕਰ, ਉੱਪਰ ਨੂੰ ਝਾਕਦਾ ਕਿਤੇ ਉਤਾਂਹ ਹੀ ਨਾ ਪਹੁੰਚ ਜਾਂਦਾ ਹੋਵੀਂ। ਭਾਰਤ ਨੂੰ ਵੀ ਖਿਆਲੀ ਉਡਾਰੀਆਂ ਲਾਉਣ ਦੀ ਥਾਂ ਆਪਣੇ ਪੈਰਾਂ ਹੇਠ ਕੰਬਦੀ ਜ਼ਮੀਨ ਦਾ ਕਾਂਬਾ ਮਹਿਸੂਸ ਕਰਨਾ ਹੋਵੇਗਾ। ਏਨਾ ਵੀ ਕਾਫੀ ਨਹੀਂ, ਇਸ ਕਾਂਬੇ ਦੇ ਕਾਰਨ ਦੂਰ ਕਰਨੇ ਹੋਣਗੇ। ਆਪਣੀ ਆਬਾਦੀ ਦੇ ਪੱਖ ਤੋਂ ਸਾਰੇ ਸੰਸਾਰ ਤੋਂ ਮੋਹਰੀ ਬਣਨ ਨੂੰ ਪ੍ਰਾਪਤੀ ਨਹੀਂ, ਸਮੱਸਿਆਵਾਂ ਦਾ ਬੋਝ ਸਮਝਣਾ ਹੋਵੇਗਾ, ਵਰਨਾ ਕਬੂਤਰ ਜੇ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਕਦੀ ਛੱਡ ਨਹੀਂ ਦੇਂਦੀ ਹੁੰਦੀ। ਭੁੱਖ ਨਾਲ ਆਂਦਰਾਂ ਨੂੰ ਜਦੋਂ ਮਰੋੜਾ ਪੈਣ ਲੱਗੇਗਾ ਤਾਂ ਭਾਰਤ ਦੇ ਲੋਕਾਂ ਨੂੰ ਹਾਕਮਾਂ ਦੇ ਵਿਖਾਏ ਹੋਏ ਹੁਸੀਨ ਸੁਫਨੇ ਵੀ ਡਰਾਉਣ ਵਾਲੇ ਜਾਪਣ ਲੱਗ ਸਕਦੇ ਹਨ।

# ਸ਼ਿਵ ਕੁਮਾਰ ਬਟਾਲਵੀ ਨੂੰ ਯਾਦ ਕਰਦਿਆਂ...

*ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।*
*ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ।*


ਉਪਰੋਕਤ ਸਤਰਾਂ ਤੁਸੀਂ ਕਿਤੇ ਨਾ ਕਿਤੇ ਆਪਣੀ ਜ਼ਿੰਦਗੀ ਵਿੱਚ ਜ਼ਰੂਰ ਪੜ੍ਹੀਆਂ ਜਾਂ ਸੁਣੀਆਂ ਹੋਣਗੀਆਂ। ਇਹਨਾਂ ਸਤਰਾਂ ਨੂੰ ਲਿਖਣ ਵਾਲ਼ਾ ਖ਼ੁਦ ਆਪਣੀਆਂ ਲਿਖੀਆਂ ਸਤਰਾਂ ਨਾਲ਼ ਵਫਾ ਨਿਭਾਉਂਦਿਆਂ ਸੱਚੀਂ ਜੋਬਨ ਰੁੱਤੇ 6 ਮਈ 1973 ਨੂੰ ਇਸ ਦੁਨੀਆਂ ਤੋਂ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾ ਲਈ "ਅਲਵਿਦਾ" ਕਹਿ ਗਿਆ ਸੀ। ਭਲਾ ਇਸ ਤਰ੍ਹਾਂ ਵੀ ਕੋਈ ਅਲਵਿਦਾ ਕਹਿੰਦਾਂ ਹੁੰਦਾ ?

ਹਾਂ, ਸਾਡੇ ਕੋਲ਼ ਇੱਕ ਨਾਂ ਹੈ ਅਜਿਹਾ ਜਿਸ ਨੇ ਇੰਝ ਅਲਵਿਦਾ ਕਹਿਣ ਤੋਂ ਪਹਿਲਾਂ ਸਾਹਿਤਕ ਖੇਤਰ ਵਿੱਚ 'ਬਿਰਹਾ ਦੇ ਕਵੀ' ਦੇ ਤੌਰ ਤੇ ਆਪਣੀ ਬਹੁਤ ਵੱਡੀ ਪਹਿਚਾਣ ਬਣਾਈ।

'ਬਿਰਹਾ ਦਾ ਕਵੀ' ਸ਼ਬਦ ਸੁਣਦਿਆਂ ਉਮੀਦ ਕਰਦੇ ਹਾਂ ਕਿ ਤੁਹਾਡੇ ਖਿਆਲ ਸ਼ਿਵ ਕੁਮਾਰ ਬਟਾਲਵੀ ਦਾ ਨਾਂ ਹੁਣ ਜ਼ਰੂਰ ਆ ਚੁੱਕਾ ਹੋਵੇਗਾ।

ਸ਼ਿਵ ਕੁਮਾਰ ਦੇ ਦੁੱਖਾਂ ਦੀ ਗੱਲ ਕਰਦਿਆਂ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ "ਸ਼ਿਵ ਕੁਮਾਰ ਦੇ ਦੁੱਖ ਉਥੋਂ ਸ਼ੁਰੂ ਹੁੰਦੇ ਹਨ, ਜਿਥੋਂ ਜੌਹਨ ਕੀਟਸ ਦੇ ਖਤਮ ਹੁੰਦੇ ਹਨ।"

ਆਓ ਅੱਜ ਪੰਜਾਬੀ ਦੇ ਜੌਹਨ ਕੀਟਸ, ਬਿਰਹਾ ਦੇ ਕਵੀ ਨੂੰ ਉਹਨਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ ਉਹਨਾਂ ਦੀ ਜ਼ਿੰਦਗੀ ਤੇ ਸਾਹਿਤਕ ਸਫ਼ਰ ਨਾਲ਼ ਆਪਾਂ ਸਾਂਝ ਬਣਾਈਏ।



ਜਨਮ ਤੇ ਪਰਿਵਾਰ:- ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਮੁਤਾਬਕ 8 ਅਕਤੂਬਰ 1937ਈ.) ਨੂੰ ਜੰਮੂ-ਕਸ਼ਮੀਰ ਦੀ ਹੱਦ ਨਾਲ਼ ਲੱਗਦੇ 'ਸ਼ਕਰਗੜ੍ਹ' ਤਹਿਸੀਲ ਦੇ ਬੜਾ ਪਿੰਡ ਲੋਹਟੀਆਂ (ਅੱਜਕਲ ਪਾਕਿਸਤਾਨ) ਵਿੱਚ ਹੋਇਆ ਸੀ। ਦੇਸ ਦੀ ਵੰਡ ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਪਿੰਡ ਸੀ। ਉਹਨਾਂ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ, ਮਾਲ ਮਹਿਕਮੇ ਵਿਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿਚ ਕਾਨੂੰਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਸਨ। ਉਹਨਾਂ ਦੀ ਮਾਤਾ ਸ਼ਾਂਤੀ ਦੇਵੀ ਦੀ ਆਵਾਜ਼ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ਼ ਵਿਚ ਵੀ ਸੀ।

ਪੜ੍ਹਾਈ ਤੇ ਰੁਜ਼ਗਾਰ ਦਾ ਸਫ਼ਰ:- ਸ਼ਿਵ ਕੁਮਾਰ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਸੰਨ 1953 ਵਿੱਚ ਸ਼ਿਵ ਨੇ 'ਸਾਲਵੇਸ਼ਨ ਆਰਮੀ ਹਾਈ ਸਕੂਲ' ਬਟਾਲਾ ਤੋਂ ਦਸਵੀਂ ਪਾਸ ਕੀਤੀ। ਉਸ ਦੇ ਪਿਤਾ ਉਸ ਨੂੰ ਚੰਗਾ ਪੜ੍ਹਾ-ਲਿਖਾ ਕੇ ਉੱਚ ਵਿੱਦਿਆ ਦਿਵਾ ਕੇ ਇੱਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲ਼ੀ ਕਿਉਂਕਿ ਦਸਵੀਂ ਤੋਂ ਬਾਅਦ ਅਗਲੇ ਦੋ ਸਾਲ ਦੌਰਾਨ ਬਿਨਾਂ ਕਿਸੇ ਡਿਗਰੀ ਪ੍ਰਾਪਤ ਕਰਨ ਦੇ ਉਸ ਨੇ ਤਿੰਨ ਵਾਰੀ ਕਾਲਜ ਬਦਲੇ। ਪਹਿਲਾਂ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਐਫ਼.ਐਸ.ਸੀ. ਵਿਚ ਦਾਖ਼ਲਾ ਲਿਆ ਅਤੇ ਇਮਤਿਹਾਨਾਂ ਤੋਂ ਪਹਿਲਾਂ ਹੀ ਛੱਡ ਦਿਤਾ। ਫਿਰ ਨਾਭੇ ਜਾ ਕੇ ਸਰਕਾਰੀ ਰਿਪੂਦਮਨ ਕਾਲਜ ਵਿਚ ਦਾਖ਼ਲ ਹੋਇਆ, ਪਰ ਕੁੱਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਅਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ, ਕਾਦੀਆਂ ਵਿਚ ਦਾਖ਼ਲਾ ਲੈ ਲਿਆ। ਉਥੇ ਵੀ ਇਮਤਿਹਾਨ ਨਾ ਦਿੱਤਾ ਅਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਓਵਰਸੀਅਰ ਦੇ ਕੋਰਸ ਵਿਚ ਦਾਖ਼ਲਾ ਲੈ ਲਿਆ। ਫਿਰ ਪਿਤਾ ਕ੍ਰਿਸ਼ਨ ਗੋਪਾਲ ਨੇ ਪੁੱਤਰ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ ਪਰ 1961 ਵਿਚ ਉਸ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿਤਾ ਅਤੇ 1966 ਤੱਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਉਹ ਕੋਈ ਖ਼ਰਚਾ ਨਹੀਂ ਸੀ ਲੈਂਦਾ। ਇਸ ਲਈ ਇਸ ਸਮੇਂ ਦੌਰਾਨ ਉਹ ਕਦੀ ਕਦਾਈਂ ਕਵੀ ਦਰਬਾਰਾਂ ਵਿਚ ਅਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁੱਝ ਛਪ ਚੁੱਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਕਈ-ਕਈ ਦਿਨ ਉਹ ਦੋਸਤਾਂ-ਯਾਰਾਂ ਦੇ ਘਰੀਂ ਹੀ ਰਹਿੰਦਾ। ਆਖ਼ਰ 1966 ਵਿੱਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸ ਨੇ 'ਸਟੇਟ ਬੈਂਕ ਆਫ਼ ਇੰਡੀਆ' ਦੀ ਬਟਾਲਾ ਬ੍ਰਾਂਚ ਵਿੱਚ ਕਲਰਕ ਦੀ ਨੌਕਰੀ ਲੈ ਲਈ।



ਸੁਖਚੈਨ ਸਿੰਘ ਕੁਰੜ
(ਪੰਜਾਬੀ ਅਧਿਆਪਕ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਾਨਾ ਸਿੰਘ ਵਾਲ਼ਾ।

ਵਿਆਹ ਤੇ ਔਲ਼ਾਦ:- 5 ਫਰਵਰੀ 1967 ਨੂੰ ਸ਼ਿਵ ਦੀ ਸ਼ਾਦੀ ਅਰੁਣਾ ਨਾਲ਼ ਹੋਈ, ਉਨ੍ਹਾਂ ਦੇ ਦੋ ਬੱਚੇ ਮਿਹਰਬਾਨ ਬਟਾਲਵੀ ਤੇ ਪੂਜਾ ਬੇਟੀ ਹੋਏ। ਅਗਲੇ ਸਾਲ ਉਸਦੀ ਬਦਲੀ ਚੰਡੀਗੜ੍ਹ ਹੋ ਗਈ। ਇਸੇ ਸਾਲ ਹੀ ਸ਼ਿਵ ਨੂੰ ਉਸਦੀ ਸ਼ਾਹਕਾਰ ਕਾਵਿ ਨਾਟਕ ਰਚਨਾ "ਲੂਣਾ" ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸਭ ਤੋਂ ਛੋਟੀ ਉਮਰੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਸ਼ਿਵ ਕੁਮਾਰ ਬਟਾਲਵੀ ਦੇ ਹਿੱਸੇ ਹੀ ਆਇਆ।

ਇਸ ਕਾਵਿ ਨਾਟਕ ਵਿੱਚ ਕਵੀ ਨੇ ਪਹਿਲੀ ਵਾਰ ਲੂਣਾ ਨੂੰ ਨਿਰਦੋਸ਼ ਸਾਬਤ ਕਰਨ ਦਾ ਸਫਲ ਯਤਨ ਕੀਤਾ।

"ਪੰਜਾਬੀ ਕਵੀਆਂ ਵਿਚੋਂ ਸ਼ਿਵ ਨੂੰ ਸਭ ਤੋਂ ਵੱਧ ਗਾਇਆ ਗਿਆ ਹੈ। ਮੁਹੰਮਦ ਰਫੀ, ਮਹਿੰਦਰ ਕਪੂਰ, ਜਗਜੀਤ ਸਿੰਘ, ਹੰਸ ਰਾਜ ਹੰਸ, ਜਗਜੀਤ ਜੀਰਵੀ, ਸ਼ਿੰਗਾਰਾ ਚਾਹਲ, ਆਸ਼ਾ ਭੌਂਸਲੇ, ਪੁਸ਼ਪਾ ਹੰਸ, ਸੁਰਿੰਦਰ ਕੌਰ ਗਾਇਕਾਂ ਨੇ ਗਾਇਆ ਹੈ। ਬਲਵੰਤ ਗਾਰਗੀ ਦੇ ਨਾਟਕ 'ਗਗਨ ਮਹਿ ਥਾਲ' ਦੇ ਗੀਤ ਵੀ ਸ਼ਿਵ ਨੇ ਗੁਰੂ ਨਾਨਕ ਸ਼ਤਾਬਦੀ ਮੌਕੇ ਲਿਖੇ।

ਉਸ ਦੇ ਜਮਾਤੀ ਸ: ਭੁਪਿੰਦਰ ਸਿੰਘ ਮਾਨ ਅਤੇ ਡਾ: ਮ. ਸ. ਬਾਜਵਾ ਦੱਸਦੇ ਨੇ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਦਾ ਹਰ ਵਰਕਾ ਰਵਾਇਤੀ ਬੰਧਨਾਂ ਤੋਂ ਮੁਕਤ ਸੀ। ਉਹ ਰਿਸ਼ਤਿਆਂ ਨਾਤਿਆਂ ਅਤੇ ਸੰਬੰਧਾਂ ਦੀ ਪਾਕੀਜ਼ਗੀ ਤੋਂ ਵਾਕਿਫ ਹੁੰਦਾ ਹੋਇਆ ਵੀ ਸਾਰੇ ਬੰਧਨ ਤੋੜ ਦਿੰਦਾ। ਉਹ ਰਾਵੀ ਦਾ ਪੁੱਤਰ ਸੀ । ਉਸ ਨੂੰ ਦਰਿਆ ਦੇ ਅੱਥਰੇ ਵੇਗ ਦੀ ਗੁੜ੍ਹਤੀ ਸੀ।

ਸ਼ਿਵ ਬਾਰੇ ਗੱਲ ਕਰਦਿਆਂ ਹਰਭਜਨ ਬਾਜਵਾ ਦੱਸਦੇ ਹਨ ਕਿ ਜਦ ਕਵੀ ਦਰਬਾਰ ਲਗਦਾ ਤਾਂ ਸ਼ਿਵ ਕੁਮਾਰ ਨੂੰ ਉਦੋਂ ਹੀ ਕਵਿਤਾ ਬੋਲਣ ਲਈ ਆਖਿਆ ਜਾਂਦਾ ਜਦ ਕਵੀ ਦਰਬਾਰ ਸਮਾਪਤ ਹੋਣਾ ਹੋਵੇ, ਕਿਉਂਕਿ ਜੇਕਰ ਸ਼ਿਵ ਪਹਿਲਾਂ ਕਵਿਤਾ ਸੁਣਾ ਦਿੰਦਾ ਤਾਂ ਬਾਅਦ ਵਿੱਚ ਚਾਹੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਕਵਿਤਾ ਗਾਉਣ ਪਰ ਸ਼ਿਵ ਦੀ ਕਵਿਤਾ ਅੱਗੇ ਉਨ੍ਹਾਂ ਦਾ ਰੰਗ ਫਿੱਕਾ ਪੈ ਜਾਂਦਾ। ਸ਼ਿਵ ਕੁਮਾਰ ਦੀ ਕਵੀ ਦਰਬਾਰ 'ਚ ਸਰਦਾਰੀ ਹੁੰਦੀ ਸੀ।


ਸਾਹਿਤਕ ਰਚਨਾਵਾਂ:- ਪੀੜਾ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ,ਮੈਨੂੰ ਵਿਦਾ ਕਰੋ,ਦਰਦਮੰਦਾਂ ਦੀਆਂ ਆਹੀਂ,ਬਿਰਹਾ ਤੂੰ ਸੁਲਤਾਨ,ਲੂਣਾ, ਮੈਂ ਤੇ ਮੈਨੂੰ, ਆਰਤੀ,ਬਿਰਹੜਾ ਆਦਿ ਸ਼ਿਵ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਅਲਵਿਦਾ ਅਤੇ ਅਸਾਂ ਤਾਂ ਜੋਬਨ ਰੁੱਤੇ ਮਰਨਾ ਸ਼ਿਵ ਦੇ ਸੰਪਾਦਿਤ ਕਾਵਿ-ਸੰਗ੍ਰਹਿ ਹਨ।

ਸ਼ਿਵ ਦੀ ਗੱਲ ਕਰਦਿਆਂ ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਵੀ ਸਾਂਝ ਬਣਾਉਣੀ ਜ਼ਰੂਰੀ ਹੈ। ਸ਼ਿਵ ਸ.ਸ. ਮੀਸ਼ਾ ਨੂੰ ਚਿਤਰਦਿਆਂ ਉਸ ਦੇ ਮੁਹਾਂਦਰੇ ਨੂੰ "ਮੀਸਣੀ ਮੁਸਕਾਨ" ਦਾ ਨਾਂ ਦਿੰਦਾ ਹੈ। ਅਜੀਤ ਕੌਰ ਨੂੰ "ਉਦਾਸ ਲਾਲਟੈਣ" ਦੱਸਦਾ ਹੈ ਅਤੇ ਮੋਹਨ ਭੰਡਾਰੀ ਨੂੰ ਬਹੁਤਾ ਗਰੀਬੜਾ ਜਿਹਾ ਪੇਸ਼ ਕਰਦਿਆਂ ਉਸ ਨੂੰ "ਫੁਲਬਹਿਰੀ ਵਾਲੇ ਹੱਥ" ਆਖਦਾ ਹੈ। ਸੱਜਣ ਦੱਸਦੇ ਨੇ ਕਿ ਸ਼ਿਵ ਕੁਮਾਰ ਨੂੰ ਭੰਡਾਰੀ ਵਾਲੇ ਰੇਖਾ ਚਿੱਤਰ ਬਾਰੇ ਆਖਰੀ ਵੇਲੇ ਤੀਕ ਪਛਤਾਵਾ ਰਿਹਾ ਕਿ ਮੈਂ ਉਸ ਨਾਲ਼ ਧੱਕਾ ਕੀਤਾ ਹੈ।

1972 'ਚ ਉਹ ਡਾ.ਗੋਪਾਲਪੁਰ ਤੇ ਸ਼੍ਰੀਮਤੀ ਕੈਲਾਸ਼ਪੁਰੀ ਦੇ ਸੱਦੇ 'ਤੇ ਸ਼ਿਵ ਇੰਗਲੈਂਡ ਗਿਆ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦੀ ਆਮਦ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ। ਉਸ ਦੇ ਮਾਣ 'ਚ ਸਥਾਨਕ ਪੰਜਾਬੀ ਲੇਖਕਾਂ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਕਈ ਪਾਰਟੀਆਂ ਦਿੱਤੀਆਂ ਗਈਆਂ। ਇੰਗਲੈਂਡ 'ਚ ਉਸ ਦੀਆਂ ਗਤੀਵਿਧੀਆਂ ਭਾਰਤੀ ਮੀਡੀਆ ਅਤੇ ਬੀ.ਬੀ.ਸੀ. ਦੀਆਂ ਖ਼ਬਰਾਂ ਵੀ ਬਣਦੀਆਂ ਰਹੀਆਂ।

ਜਦੋਂ ਸ਼ਿਵ ਇੰਗਲੈਂਡ ਤੋਂ ਸਤੰਬਰ 1972 'ਚ ਵਾਪਸ ਆਇਆ, ਉਸ ਦੀ ਸਿਹਤ ਵਿਗੜਦੀ ਚਲੀ ਗਈ। ਇੰਗਲੈਂਡ ਵਾਪਸੀ ਤੋਂ ਕੁੱਝ ਮਹੀਨਿਆਂ ਬਾਅਦ ਹੀ ਉਸ ਦੀ ਸਿਹਤ ਬਹੁਤ ਜ਼ਿਆਦਾ ਵਿਗੜ ਗਈ।ਅਖੀਰ 6 ਮਈ 1973 ਨੂੰ ਇਹ ਬਿਰਹਾ ਦਾ ਕਵੀ ਹਮੇਸ਼ਾਂ ਲਈ ਆਪਣੇ ਚਾਹੁਣ ਵਾਲਿਆਂ ਨੂੰ ਵਿਦਾ ਕਹਿ ਗਿਆ।

# ਕਾਉਂਸਲਿੰਗ ਸੈਲ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰ ਸਕਦੇ ਹਨ



ਵਿਦਿਆਰਥੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਦੁਨੀਆ ਬਹੁਤ ਬਦਲ ਗਈ ਹੈ। ਇਹ ਮਹਾਂਮਾਰੀ ਤੋਂ ਬਾਅਦ ਦੇ ਪ੍ਰਭਾਵ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਕਿਉਂਕਿ ਇਸਦਾ ਪ੍ਰਭਾਵ ਬਹੁਤ ਵੱਡਾ ਹੈ। ਵਿਦਿਆਰਥੀਆਂ ਨੂੰ ਕੋਰਸ ਜਾਂ ਅਧਿਐਨ ਦੀ ਇੱਕ ਲਾਈਨ ਦੀ ਚੋਣ ਕਰਦੇ ਸਮੇਂ ਕਈ ਕਾਰਕਾਂ 'ਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ।

ਇਹ ਇਸ ਤਰ੍ਹਾਂ ਹਨ:

ਨੌਕਰੀ ਜਾਂ ਹੁਨਰ ਦਾ ਭਵਿੱਖ ਦਾ ਸਕੋਪ, ਹੁਣ ਅਤੇ ਆਉਣ ਵਾਲੇ ਭਵਿੱਖ ਵਿੱਚ ਮਾਰਕੀਟ ਦੀ ਮੰਗ, ਅਤੇ ਜੇਕਰ ਉਹ ਕਰੀਅਰ ਵਿੱਤੀ ਤੌਰ 'ਤੇ ਲਾਭਦਾਇਕ ਹੋਵੇਗਾ ਜਾਂ ਨਹੀਂ। ਸਾਰੇ ਖੇਤਰਾਂ ਵਿੱਚ ਤਕਨਾਲੋਜੀ ਵਿੱਚ ਵਾਧੇ ਕਾਰਨ ਬਹੁਤ ਸਾਰੀਆਂ ਨਵੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ। ਹਾਲਾਂਕਿ ਇਹ ਚੰਗੀ ਗੱਲ ਹੈ ਕਿ ਅੱਜ ਵਿਦਿਆਰਥੀਆਂ ਕੋਲ ਚੁਣਨ ਲਈ ਹੋਰ ਬਹੁਤ ਕੁਝ ਹੈ, ਪਰ ਵਧਦੀ ਗਿਣਤੀ ਇੱਕ ਆਦਰਸ਼ ਮਾਰਗ ਦੀ ਚੋਣ ਕਰਨ ਵਿੱਚ ਉਹਨਾਂ ਦੀ ਉਲਝਣ ਵਿੱਚ ਵੀ ਵਾਧਾ ਕਰਦੀ ਹੈ।

ਤਜਰਬੇਕਾਰ ਗਾਈਡ:

ਉਲਝਣ, ਬਦਲੇ ਵਿੱਚ, ਵਿਦਿਆਰਥੀਆਂ ਵਿੱਚ ਭਾਵਨਾਤਮਕ ਸਮੱਸਿਆਵਾਂ ਵੱਲ ਖੜਦੀ ਹੈ। ਜਦੋਂ ਵਿਦਿਆਰਥੀਆਂ ਨੂੰ ਜੀਵਨ ਦੀਆਂ ਮੁੱਖ ਚੋਣਾਂ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇਹ ਭਾਵਨਾਤਮਕ ਮੁੱਦਿਆਂ ਜਿਵੇਂ ਕਿ ਭਵਿੱਖ ਬਾਰੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ, ਅਪਸਕਿਲਿੰਗ ਅਤੇ ਸਿੱਖਣ ਲਈ ਇੰਨੇ ਸਾਰੇ ਵਿਕਲਪ ਉਪਲਬਧ ਹਨ ਕਿ ਵਿਦਿਆਰਥੀਆਂ ਨੂੰ ਥੋੜ੍ਹੇ ਸਮੇਂ ਦੇ ਅਤੇ ਲੰਬੇ ਸਮੇਂ ਦੇ ਕੋਰਸਾਂ ਵਿਚਕਾਰ ਚੋਣ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਸਹੀ ਕੈਰੀਅਰ ਮਾਰਗ ਦੀ ਚੋਣ ਕਰਨਾ ਸਿਰਫ ਪਹਿਲੀ ਰੁਕਾਵਟ ਹੈ, ਭਾਵੇਂ ਸਭ ਤੋਂ ਵੱਡਾ ਹੋਵੇ। ਅਗਲਾ ਕੰਮ ਸਹੀ ਜਾਣਕਾਰੀ ਇਕੱਠੀ ਕਰਨਾ ਹੈ। ਸਿਖਲਾਈ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕ ਕਾਲਜਾਂ ਵਿੱਚ ਇਨ੍ਹਾਂ ਕਾਉਂਸਲਿੰਗ ਸੈੱਲਾਂ ਵਿੱਚ ਸ਼ਾਮਲ ਹੋਣਗੇ। ਅਧਿਆਪਕਾਂ ਦੀ ਮਦਦ ਨਾਲ, ਵਿਦਿਆਰਥੀ ਆਪਣੇ ਵਿਗਿਆਨਕ, ਵਿਸ਼ਲੇਸ਼ਣਾਤਮਕ ਅਤੇ ਰਚਨ-ਾਤਮਕ ਸੁਭਾਅ ਨੂੰ ਨਿਰਧਾਰਤ ਕਰਨ ਲਈ ਇੰਟਰਵਿਊ ਅਤੇ ਟੈਸਟਾਂ ਵਿੱਚੋਂ ਗੁਜ਼ਰਨਗੇ।

ਆਦਰਸ਼ ਕੈਰੀਅਰ ਮਾਰਗ ਲੱਭਣਾ:

ਵਿਦਿਆਰਥੀਆਂ ਦੇ ਭਵਿੱਖ ਦੇ ਅਕਾਦਮਿਕ ਵਿਕਲਪਾਂ ਲਈ ਵੱਖਰੇ ਬਜਟ ਹੋਣਗੇ, ਅਤੇ ਇਹਨਾਂ 'ਤੇ ਵੀ ਵਿਚਾਰ ਕਰਨਾ ਹੋਵੇਗਾ। ਡੇਟਾ ਨੂੰ ਉਹਨਾਂ ਦੀਆਂ ਰੁਚੀਆਂ ਅਤੇ ਤਰਜੀਹਾਂ ਨਾਲ ਜੋੜਨਾ ਵਿਦਿਆਰਥੀਆਂ ਨੂੰ ਇੱਕ ਆਦਰਸ਼ ਕੈਰੀਅਰ ਮਾਰਗ ਦਾ ਪਤਾ ਲਗਾਉਣ ਵਿੱਚ ਮਦਦ ਕਰੇਗਾ। ਇੱਕ ਵਾਰ ਜਦੋਂ ਵਿਦਿਆਰਥੀ ਕੈਰੀਅਰ ਦੇ ਮਾਰਗਾਂ ਨੂੰ ਜਾਣ ਲੈਂਦੇ ਹਨ, ਤਾਂ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਸਕਦੇ ਹਨ। ਇੱਥੇ, ਅਧਿਆਪਕ ਵਿਗਿਆਨ, ਕਲਾ, ਵਿੱਤ, ਸਾਹਿਤ ਅਤੇ ਸੰਗੀਤ ਸਮੇਤ ਹੋਰ ਖੇਤਰਾਂ ਵਿੱਚ ਵੱਖ-ਵੱਖ ਪੱਧਰਾਂ 'ਤੇ ਹੋਣ ਵਾਲੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੇ ਯੋਗ ਹੋਣਗੇ। ਸਹੀ ਜਾਣਕਾਰੀ ਦੇ ਨਾਲ, ਵਿਦਿਆਰਥੀ ਆਪਣੇ ਸੁਪਨਿਆਂ ਦੇ ਕੈਰੀਅਰ ਨੂੰ ਲੱਭ ਲੈਣਗੇ ਅਤੇ ਇਸ ਦੇ ਮਾਲਕ ਹੋਣਗੇ।

ਆਤਮਵਿਸ਼ਵਾਸ ਵਧਾਉਣਾ:

ਕਰੀਅਰ ਕਾਉਂਸਲਿੰਗ ਦੇ ਮਹੱਤਵਪੂਰਨ ਲਾਭਾਂ ਵਿੱਚੋਂ ਇੱਕ ਇਹ ਹੈ ਕਿ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਵਿੱਚ ਬਹੁਤ ਵਾਧਾ ਹੁੰਦਾ ਹੈ। ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਜ਼ਿਆਦ-ਾਤਰ ਭਾਵਨਾਤਮਕ ਅਤੇ ਆਤਮ-ਵਿਸ਼ਵਾਸ ਦੇ ਮੁੱਦੇ ਅਨਿਸ਼ਚਿਤਤਾ ਅਤੇ ਡਰ ਵਿੱਚ ਜੜ੍ਹਾਂ ਹਨ। ਜੇ ਤੁਸੀਂ ਨਹੀਂ ਜਾਣਦੇ ਕਿ ਭਵਿੱਖ ਕੀ ਹੈ, ਤਾਂ ਤੁਸੀਂ ਇਸ ਬਾਰੇ ਚਿੰਤਤ ਹੋਵੋਗੇ।

*-ਵਿਜੈ ਗਰਗ*
*ਲੇਖਕ ਅਤੇ ਕਾਲਮਨਵੀਸ*
*ਮਲੋਟ ਪੰਜਾਬ*

## ਹਲਕਾ-ਫੁਲਕਾ

ਇੱਕ ਬਜ਼ੁਰਗ ਸੱਜਣ ਨੇ ਇੱਕ ਕੰਪਨੀ ਦੇ ਦਫ਼ਤਰ ਵਿੱਚ ਜਾ ਕੇ ਮੈਨੇਜਰ ਨੂੰ ਪੁੱਛਿਆ, "ਤੁਹਾਡੇ ਦਫ਼ਤਰ ਵਿੱਚ ਮੇਰਾ ਲੜਕਾ ਕੰਮ ਕਰਦਾ ਹੈ, ਕੀ ਮੈਂ ਉਸ ਨੂੰ ਮਿਲ ਸਕਦਾ ਹਾਂ?"

ਮੈਨੇਜਰ ਨੇ ਬੜੀ ਗੌਰ ਨਾਲ ਉਸ ਬਜ਼ੁਰਗ ਸੱਜਣ ਨੂੰ ਦੇਖਿਆ ਤੇ ਬੋਲਿਆ, "ਜੀ ਮੈਨੂੰ ਖੇਦ ਹੈ ਕਿ ਤੁਸੀਂ ਥੋੜ੍ਹਾ ਲੇਟ ਆਏ, ਤੁਹਾਡਾ ਅੰਤਿਮ ਸੰਸਕਾਰ ਕਰਨ ਲਈ ਛੁੱਟੀ ਲੈ ਕੇ ਥੋੜ੍ਹੀ ਦੇਰ ਪਹਿਲਾਂ ਗਿਆ ਹੈ।"

********

ਟੈਕਸੀਵਾਲਾ, "ਸਾਬ੍ਹ! ਬ੍ਰੇਕ ਫੇਲ ਹੋ ਗਈ ਹੈ, ਗੱਡੀ ਰੁਕ ਨਹੀਂ ਰਹੀ, ਕੀ ਕਰਾਂ?"



ਸਵਾਰੀ, "ਓਹ ਭਰਾ! ਪਹਿਲਾਂ ਮੀਟਰ ਬੰਦ ਕਰ ਦੇ।"

********

ਬੇਟਾ, "ਮਾਂ, ਮੈਂ ਵੀ ਤਲਾਅ ਵਿੱਚ ਤੈਰਨਾ ਚਾਹੁੰਦਾ ਹਾਂ।"

ਮਾਂ, "ਨਹੀਂ ਬੇਟਾ, ਡੁਬ ਜਾਵੇਗਾ।"

ਬੇਟਾ, "ਪਿਤਾ ਜੀ ਵੀ ਇੱਕ ਘੰਟੇ ਤੋਂ ਤਲਾਅ ਵਿੱਚ ਹਨ, ਉਨ੍ਹਾਂ ਨੂੰ ਕਿਹੜਾ ਚੰਗੀ ਤਰ੍ਹਾਂ ਤਰਨਾ ਆਉਂਦਾ ਹੈ।"

ਮਾਂ, "ਬੇਟਾ! ਤੇਰੇ ਪਿਤਾ ਜੀ ਦਾ ਤਾਂ ਬੀਮਾ ਹੋ ਚੁਕਿਆ ਹੈ।"






# ਬੰਦੀ ਸਿੰਘਾਂ ਬਾਰੇ ਗੁਰਦੁਆਰਿਆਂ ਵਿੱਚ ਬੋਰਡ ਲਾਏ ਜਾਣਗੇ

### * ਅਕਾਲ ਤਖਤ ਦੇ ਜਥੇਦਾਰ ਦੇ ਹੁਕਮ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਫੈਸਲਾ

ਅੰਮ੍ਰਿਤਸਰ, 24 ਜੁਲਾਈ (ਪੋਸਟ ਬਿਊਰੋ)- ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸਰਕਾਰਾਂ ਦੇ ਵਤੀਰੇ ਖਿਲਾਫ ਲੋਕਾਂ ਨੂੰ ਦੱਸਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਰੇ ਇਤਿਹਾਸਕ ਗੁਰੂ ਘਰਾਂ ਅੱਗੇ ਹੋਰਡਿੰਗ ਲਾਵੇਗੀ। ਇਹ ਫੈਸਲਾਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੱਦੇ ਪਿੱਛੋਂ ਕੀਤਾ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਕੀਰਤਪੁਰ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਭਾਸ਼ਣ ਵਿੱਚ ਸਿੱਖ ਸੰਗਤ ਨੂੰ ਹੁਕਮ ਕੀਤਾ ਸੀ ਕਿ ਬੰਦੀ ਸਿੰਘਾਂ ਨਾਲ ਹੋ ਰਹੇ ਧੱਕੇ ਦਾ ਵਿਰੋਧ ਕਰਨ ਲਈ ਗੁਰੂ ਘਰਾਂ ਤੇ ਹੋਰ ਅਦਾਰਿਆਂ ਮੂਹਰੇ ਵੱਡੇ ਬੋਰਡ ਲਾ ਦਿੱਤੇ ਜਾਣ, ਜਿਨ੍ਹਾਂ ਉੱਤੇ ਬੰਦੀ ਸਿੰਘਾਂ ਦੀਆਂ ਫੋਟੋ ਉਨ੍ਹਾਂ ਦੀਆਂ ਸਜ਼ਾਵਾਂ ਅਤੇ ਮੌਜੂਦਾ ਸਥਿਤੀ ਬਾਰੇ ਲਿਖਿਆ ਜਾਵੇ। ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਹੁਕਮ ਮਗਰੋਂ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਾਲੇ ਗੁਰਦੁਆਰਿਆਂ ਅਤੇ ਵਿਦਿਅਕ ਅਦਾਰਿਆਂ ਅੱਗੇ ਇਹ ਬੋਰਡ ਲਾਉਣ ਦਾ ਫੈਸਲਾ ਕੀਤਾ ਹੈ। ਇਹ ਬੋਰਡ ਗੁਰਦੁਆਰਿਆਂ ਦੇ ਮੁੱਖ ਦਰਵਾਜ਼ੇ ਅਤੇ ਵਿਦਿਅਕ ਅਦਾਰਿਆਂ ਵਿੱਚ ਢੁਕਵੀਆਂ ਥਾਵਾਂ ਉੱਤੇ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ, ਦਿੱਲੀ ਤੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਮੁਲਾਕਾਤ ਲਈ ਪੱਤਰ ਲਿਖੇ ਸਨ, ਜਿਨ੍ਹਾਂ ਦਾ ਅਜੇ ਹੁੰਗਾਰਾ ਨਹੀਂ ਮਿ-ਲਿਆ।

ਦੂਸਰੇ ਪਾਸੇ ਲੁਧਿਆਣੇ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਬਾਰੇ ਦਿੱਤੇ ਬਿਆਨ ਦੇ ਸਬੰਧ ਵਿੱਚ ਟਵੀਟ ਕਰ ਕੇ ਕਿਹਾ ਹੈ ਕਿ ਜਥੇਦਾਰ ਸਾਹਿਬ, ਸ਼੍ਰੋਮਣੀ ਕਮੇਟੀ ਕਮਜ਼ੋਰ ਨਹੀਂ, ਇਸ ਨੂੰ ਕਮਜ਼ੋਰ ਕੀਤਾ ਗਿਆ ਹੈ, ਜਥੇਦਾਰ ਤੇ ਪ੍ਰਧਾਨ ਗੁਰਬਾਣੀ ਨਾਲ ਗੁਰੂਆਂ ਦੇ ਸੰਦੇਸ਼ ਲੋਕਾਂ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਭੁੱਲ ਚੁੱਕੇ ਹਨ। ਉਨ੍ਹਾਂ ਜਥੇਦਾਰ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨ ਦੀ ਥਾਂ ਖਾੜਕੂਆਂ, ਲੁਟੇਰਿਆਂ ਦੀਆਂ ਤਸਵੀਰਾਂ ਗੁਰੂ ਘਰਾਂ ਵਿੱਚ ਲਾਉਣਗੇ ਅਤੇ ਉਨ੍ਹਾਂ ਦੀ ਰਿਹਾਈ ਦੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਦੀ ਕੌਣ ਸੁਣੇਗਾ? ਉਨ੍ਹਾਂ ਆਖਿਆ ਕਿ ਜੋ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਾਦਲਾਂ ਦੇ ਇਸ਼ਾਰੇ ਉੱਤੇ ਚੱਲੇਗਾ, ਉਹ ਬਾਦਲਾਂ ਦੀ ਤਰ੍ਹਾਂ ਹੀ ਖਤਮ ਹੋ ਜਾਵੇਗਾ।

# ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰੇ ਗੈਰ ਜ਼ਰੂਰੀ ਤਰਜੀਹਾਂ ਦੇ ਕਾਰਨ ਦਮ ਤੋੜਨ ਲੱਗੇ

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਵਿਦਿਅਕ ਅਦਾਰਿਆਂ ਦਾ ਆਪਣਾ ਸ਼ਾਨਦਾਰ ਇਤਿਹਾਸ ਹੈ, ਪਰ ਰਾਜਨੀਤਕ ਦਖਲਤੇ ਗੈਰ ਜ਼ਰੂਰੀ ਤਰਜੀਹਾਂ ਕਾਰਨ ਇਹ ਦਮ ਤੋੜਦੇ ਜਾਪਦੇ ਹਨ। ਇੱਕ ਸੌ ਤੋਂ ਵਧੇਰੇ ਸਕੂਲ-ਕਾਲਜ ਚਲਾ ਰਹੀ ਸ਼੍ਰੋਮਣੀ ਕਮੇਟੀ ਸਮੇਂ ਦੀ ਹਾਣੀ ਸਿੱਖਿਆ ਨੀਤੀ ਦੀ ਘਾਟ ਕਾਰਨ ਜਿੱਥੇ ਇਨ੍ਹਾਂ ਸੰਸਥਾਵਾਂ ਤੋਂ ਸਿੱਖ ਧਰਮ ਦੇ ਪ੍ਰਚਾਰ-ਪਸਾਰ ਦੇ ਢੁਕਵੇਂ ਨਤੀਜੇ ਲੈਣ ਤੋਂ ਅਸਮਰਥ ਹੈ, ਉਥੇ ਵੱਡੇ ਆਰਥਿਕ ਸੰਕਟ ਦਾ ਵੀ ਸਾਹਮਣਾ ਕਰ ਰਹੀ ਹੈ। ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਸਾਹਮਣੇ ਅਧਿਆਪਕਾਂ ਨੇ ਆਪਣੀਆਂ ਤਨਖਾਹਾਂ ਵਿੱਚ ਵਾਧੇ ਅਤੇ ਪੱਕਿਆਂ ਕਰਨ ਸਬੰਧੀ ਪ੍ਰਦਰਸ਼ਨ ਕੀਤਾ ਸੀ, ਜਦੋਂ ਕਿ ਸ਼੍ਰੋਮਣੀ ਕਮੇਟੀ ਦਾ ਪੱਖ ਸੀ ਕਿ ਨਵੀਂ ਸਿੱਖਿਆ ਨੀਤੀ ਆਰਥਿਕ ਸੰਕਟ ਦੇ ਕਾਰਨ ਹੀ ਬਣਾਈ ਗਈ ਹੈ।

ਇਸ ਤੋਂ ਪਹਿਲਾਂ ਬੀਤੇ ਮਾਰਚ ਵਿੱਚ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਪਾਸ ਕਰਨ ਵੇਲੇ ਵੀ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਨੇ ਸਿੱਖਿਆ ਸੰਸਥਾਵਾਂ ਦਾ ਆਰਥਿਕ ਸੰਕਟ ਸਮੇਂ ਸਿਰ ਹੱਲ ਕਰਨ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਕਿਹਾ ਸੀ ਕਿ ਜੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਸ਼੍ਰੋਮਣੀ ਕਮੇਟੀ ਲਈ ਸੰਕਟ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਸੂਤਰਾਂ ਮੁਤਾਬਕ ਕਮੇਟੀ ਨੇ ਵਿਦਿਅਕ ਅਦਾਰੇ ਚੰਗੀ ਤਰ੍ਹਾਂ ਚਲਾਉਣ ਲਈ ਕਈ ਸਾਲ ਪਹਿਲਾਂ ਇੱਕ ਵੱਖਰਾ ਡਾਇਰੈਕਟੋਰੇਟ ਵੀ ਬਣਾਇਆ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਇਹ ਸਿੱਖਿਆ ਸੰਸਥਾਵਾਂ ਲਗਾਤਾਰ ਘਾਟੇ ਵਿੱਚ ਜਾ ਰਹੀਆਂ ਹਨ। ਇਸ ਸਾਲ ਸ਼੍ਰੋਮਣੀ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਦਾ ਬਜਟ ਦੋ ਅਰਬ ਤਿੰਨ ਕਰੋੜ ਸੱਠ ਲੱਖ ਦੇ ਕਰੀਬ ਪਾਸ ਹੋਇਆ ਸੀ, ਪਰ ਇਹ ਚਾਲੀ ਕਰੋੜ ਸਾਲਾਨਾ ਘਾਟੇ ਦਾ ਸੀ, ਜੋ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਿਆਂ ਤੋਂ ਮਿਲਦੇ ਸਹਾਇਤਾ ਫੰਡਾਂ ਵਿੱਚੋਂ ਪੂਰਾ ਕਰਨਾ ਪਿਆ। ਸ਼੍ਰੋਮਣੀ ਕਮੇਟੀ ਦੇ ਸਾਲ 2022-23 ਦੇ ਪਾਸ ਕੀਤੇ ਲਗਭਗ 988 ਕਰੋੜ 15 ਲੱਖ 53 ਹਜ਼ਾਰ ਰੁਪਏ ਦੇ ਕੁੱਲ ਅਨੁਮਾਨਤ ਬਜਟ ਵਿੱਚੋਂ 718 ਕਰੋੜ ਸੱਤਰ ਲੱਖ ਦੇ ਲਗਭਗ ਗੁਰਦੁਆਰਿਆਂ ਦਾ ਸੀ, ਸ਼੍ਰੋਮਣੀ ਕਮੇਟੀ ਦਾ ਬਜਟ ਗੁਰਦੁਆਰਿਆਂ ਤੋਂ ਮਿਲਦੇ ਵੱਖ-ਵੱਖ ਸਹਾਇਤਾ ਫੰਡਾਂ ਨਾਲ ਮਸਾਂ 150 ਕਰੋੜ ਦੇ ਆਸਪਾਸ ਹੈ।

ਪਤਾ ਲੱਗਾ ਹੈ ਕਿਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੇ ਸਕੂਲਾਂ-ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਣ ਅਤੇ ਆਰਥਿਕ ਤੌਰ ਉੱਤੇ ਘਾਟੇ ਵਿੱਚ ਜਾਣ ਨਾਲ ਘਾਟਾ ਪੂਰਾ ਕਰਨ ਲਈ ਵੱਡੇ ਗੁਰਦੁਆਰਿਆਂ ਤੋਂ ਸਿੱਖਿਆ ਫੰਡ ਦੀ ਮਦਦ ਲਈ ਜਾਂਦੀ ਹੈ, ਪਰ ਬਹੁਤਸਾਰੇ ਗੁਰਦੁਆਰੇ ਵੀ ਇਹ ਫੰਡ ਦੇਣ ਤੋਂ ਨਾਂਹ ਕਰਨ ਲੱਗੇ ਹਨ। ਇਨ੍ਹਾਂ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਸਿੱਖਿਆ ਫੰਡ ਲਈ ਵੱਡੀ ਰਕਮ ਦੇਣ ਨਾਲ ਗੁਰਦੁਆਰਿਆਂ ਦੇ ਲੰਗਰ ਅਤੇ ਹੋਰ ਖਰਚੇ ਪੂਰੇ ਕਰਨੇ ਔਖੇ ਹੋ ਗਏ ਹਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਵਿਦਿਆਰਥੀਆਂ ਦੇ ਦਾਖਲੇ ਘਟਣ ਦਾ ਕਾਰਨ ਦਸਵੀਂ-ਬਾਰ੍ਹਵੀਂ ਤੋਂ ਬਾਅਦ ਆਈਲੈਟਸ ਦੇ ਰੁਝਾਨ ਨੂੰ ਦੱਸ ਕੇ ਆਪਣੇ ਆਰਥਿਕ ਘਾਟੇ ਦਾ ਸਾਹਮਣਾ ਕਰਨ ਲਈ ਸਿੱਖਿਆ ਨੀਤੀ ਨੂੰ ਮਜਬੂਰੀ ਦੱਸ ਰਹੇ ਹਨ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੀਆਂ ਸਿੱਖਿਆ ਸੰਸਥਾਵਾਂ ਦੇ ਨਿਘਾਰ ਦਾ ਮੁੱਖ ਕਾਰਨ ਬੇਲੋੜਾ ਰਾਜਨੀਤਕ ਦਖਲ ਕਿਹਾ ਜਾਂਦਾ ਹੈ, ਜਿਸ ਵਿੱਚ ਲੋੜ ਤੋਂ ਵੱਧ ਸਕੂਲ-ਕਾਲਜ ਖੋਲ੍ਹਣੇ ਅਤੇ ਲੋੜ ਤੋਂ ਵੱਧ ਸਟਾਫ ਭਰਤੀ ਕਰਨਾ ਸ਼ਾਮਲ ਹੈ। ਬਹੁਤ ਸਾਰੇ ਸਕੂਲ-ਕਾਲਜਾਂ ਨੂੰ ਖੋਲ੍ਹਣ ਵੇਲੇ ਉਨ੍ਹਾਂ ਵਿਚਕਾਰ ਲੋੜੀਂਦੀ ਦੂਰੀ ਨੂੰ ਵੀ ਖਿਆਲ ਵਿੱਚ ਨਹੀਂ ਰੱਖਿਆ ਗਿਆ।

ਸ਼੍ਰੋਮਣੀ ਕਮੇਟੀ ਦੀ ਸਭ ਤੋਂ ਪਹਿਲੀ ਸਿੱਖਿਆ ਸੰਸਥਾ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਦੇ ਕੁਝ ਫਰਲਾਂਗਦੂਰ ਤ੍ਰੈ-ਸ਼ਤਾਬਦੀ ਕਾਲਜ ਖੋਲ੍ਹਣ ਨਾਲ ਪੁਰਾਣੇ ਅਤੇ ਵਿਰਾਸਤੀ ਸਕੂਲ ਵਿੱਚ ਗਿਆਰਵੀਂ-ਬਾਰ੍ਹਵੀਂ ਦੇ ਵਿਦਿਆਰਥੀਆਂ ਦੀ ਗਿਣਤੀ ਪ੍ਰਭਾਵਤ ਹੋਈ ਹੈ। ਗੁਰੂ ਕਾ ਬਾਗ ਵਿਖੇ ਸ਼੍ਰੋਮਣੀ ਕਮੇਟੀ ਦੇ ਦੋ ਸਕੂਲਾਂ ਦੀ ਕੰਧ ਦਾ ਹੀ ਫਾਸਲਾ ਹੈ। ਖਾਲਸਾ ਕਾਲਜ ਪਟਿਆਲਾ ਤੇ ਖਾਲਸਾ ਕਾਲਜ ਆਕੜ ਵਿੱਚ ਲਗਭਗ 17 ਕਿਲੋਮੀਟਰ, ਗਹਿਲਾਂ ਤੇ ਭਦੌੜ ਵਿਚਲੇ ਦੋ ਕਾਲਜਾਂ ਵਿੱਚ ਲਗਭਗ 15 ਕਿਲੋਮੀਟਰ ਅਤੇ ਝਾੜ ਸਾਹਿਬ ਅਤੇ ਚਮਕੌਰ ਸਾਹਿਬ ਦੇ ਕਾਲਜਾਂ ਵਿੱਚ ਲਗਭਗ 18 ਕਿਲੋਮੀਟਰ ਫਾਸਲਾ ਹੈ। ਬਹੁਤ ਸਾਰੇ ਸਕੂਲਾਂ ਕਾਲਜਾਂ ਵਿੱਚ ਟੀਚਿੰਗ ਤੇ ਨਾਨ ਟੀਚਿੰਗ ਸਟਾਫ ਦੀ ਸਿਆਸੀ ਸਿਫਾਰਸ਼ਾਂ ਨਾਲ ਲੋੜੋਂ ਵੱਧ ਭਰਤੀ ਅਤੇ ਪੰਜਾਬ ਸਰਕਾਰ ਵੱਲੋਂ ਏਡਿਡ ਪੋਸਟਾਂ ਲਈ ਪਿਛਲੇ ਕਈ ਸਾਲਾਂ ਤੋਂ ਭਰਤੀ ਨਾ ਕਰਨਾ ਵੀ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੇ ਆਰਥਿਕ ਘਾਟੇ ਦੇ ਕਾਰਨ ਹਨ।

# ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਕਾਰਵਾਈ ਤੋਂ ਬੰਦੀ ਸਿੰਘ ਰਿਹਾਈ ਮੋਰਚਾ ਨਾਰਾਜ਼

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ)- ਬੰਦੀ ਸਿੰਘ ਰਿਹਾਈ ਮੋਰਚਾ ਦੇ ਮੁਖੀ ਬਾਬਾ ਜੰਗ ਸਿੰਘ ਨੇ ਪਿਛਲੇ 28 ਸਾਲ ਤੋਂ ਬੇਅੰਤ ਸਿੰਘ ਕਤਲਕਾਂਡ ਵਿੱਚ ਬੁੜੈਲ ਜੇਲ੍ਹ ਵਿੱਚ ਬੰਦ ਲਖਵਿੰਦਰ ਸਿੰਘ ਨਾਲ ਮੁਲਾਕਾਤ ਪਿੱਛੋਂ ਕੱਲ੍ਹ ਮੀਡੀਆ ਨੂੰਦੱਸਿਆ ਕਿ ਬੰਦੀ ਸਿੰਘ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਤੇ ਉਨ੍ਹਾਂ ਦੀ ਸੋਚ ਹੈ ਕਿ ਪ੍ਰਧਾਨ ਬੰਦੀ ਸਿੰਘਾਂ ਦੀ ਰਿਹਾਈ ਦੇ ਉਪਰਾਲੇ ਨਹੀਂ ਕਰ ਰਹੇ। ਬਾਬਾ ਜੰਗ ਸਿੰਘ ਨੇ ਕਿਹਾ ਕਿ ਜਥੇਦਾਰ ਅਕਾਲ ਤਖਤ ਸਾਹਿਬ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਕਮੇਟੀ ਬਣਵਾਈ ਸੀ ਤੇ ਹਰਜਿੰਦਰ ਸਿੰਘ ਧਾਮੀ ਉਸ ਕਮੇਟੀ ਦੇ ਮੈਂਬਰ ਹਨ, ਪਰ ਇੰਨਾ ਸਮਾਂ ਬੀਤਣ ਉੱਤੇ ਉਸ ਕਮੇਟੀ ਦੀ ਇੱਕ ਵੀ ਮੀਟਿੰਗ ਨਹੀਂ ਹੋਈ। ਇਸ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਸਿੱਧੇ ਜ਼ਿੰਮੇਵਾਰ ਹਨ। ਬਾਬਾ ਜੰਗ ਸਿੰਘ ਨੇ ਕਿਹਾ ਕਿ ਬੰਦੀ ਸਿੰਘਾਂ ਨੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵੱਲੋਂ ਲਾਏ ਧਰਨੇ ਤੋਂ ਵੀ ਸੰਤੁਸ਼ਟ ਨਹੀਂ।ਉਨ੍ਹਾਂ ਕਿਹਾ ਕਿ ਧਰਨੇ ਲਾਉਣ ਨਾਲ ਕੌਮ ਦੀ ਸਾਖ ਕਮਜ਼ੋਰ ਹੋ ਰਹੀ ਹੈ ਕਿਉਂਕਿ ਇਸ ਧਰਨੇ ਦਾ ਮੰਗ ਪੱਤਰ ਕਿਸੇ ਵੀ ਸਰਕਾਰੀ ਧਿਰ ਨੇ ਨਹੀਂ ਲਿਆ। ਉਨ੍ਹਾਂ ਦਿੱਲੀ ਦੀ ਕੇਜਰੀਵਾਲ ਸਰਕਾਰ ਤੇ ਭਾਰਤ ਸਰਕਾਰ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਬੰਦੀ ਸਿੰਘਾਂ ਨੇ ਫੈਸਲਾ ਕੀਤਾ ਹੈ ਕਿ ਉਹ ਜੇਲ੍ਹਾਂ ਅੰਦਰੋਂ ਹੀ ਸੰਘਰਸ਼ ਸ਼ੁਰੂ ਕਰਨਗੇ ਅਤੇ ਅਲਟੀਮੇਟਮ ਦਿੱਤਾ ਹੈ ਕਿ ਜੇ 26 ਜੁਲਾਈ ਮੰਗਲਵਾਰ ਤਕ ਸਰਕਾਰਾਂ ਨੇ ਉਨ੍ਹਾਂ ਦਾ ਮਸਲਾ ਨਾ ਵਿਚ-ਾਰਿਆ ਤਾਂ ਉਹ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰਨਗੇ।

# ਪੌਂਗ ਡੈਮ ਨੇੜੇ ਲੱਗੇ ਹੋਏ ਕਰੱਸ਼ਰ ਦਾ ਮਾਲਕ ਗ੍ਰਿਫਤਾਰ

### * ਪੁਲਸ ਵੱਲੋਂ ਮਾਈਨਿੰਗ ਮਸ਼ੀਨਰੀ ਅਤੇ ਹੋਰ ਵਾਹਨ ਜ਼ਬਤ

ਮੁਕੇਰੀਆਂ, 24 ਜੁਲਾਈ (ਪੋਸਟ ਬਿਊਰੋ)- ਪੌਂਗ ਡੈਮ ਦੇ ਮਨਾਹੀ ਵਾਲੇ ਖੇਤਰ ਵਿੱਚ ਬਿਨਾਂ ਮਨਜ਼ੂਰੀ ਲੱਗੇ ਕਰੱਸ਼ਰ ਦੇ ਖਿਲਾਫ ਤਲਵਾੜਾ ਪੁਲਸ ਨੇ ਮਾਈਨਿੰਗਵਿਭਾਗ ਦੀ ਸ਼ਿਕਾਇਤ ਅਤੇ ਐਸ ਡੀ ਐਮ ਮੁਕੇਰੀਆਂ ਦੀ ਰਿਪੋਰਟ ਦੇ ਆਧਾਰ ਉੱਤੇ ਕਰੱਸ਼ਰ ਮਾਲਕ ਸਮੇਤ ਦੋ ਜਣਿਆਂ ਖਿਲਾਫ ਕੇਸ ਦਰਜ ਕੀਤਾ ਅਤੇ ਮੌਕੇ ਤੋਂ ਕਰੱਸ਼ਰ ਮਾਲਕ ਨੂੰ ਗ੍ਰਿਫਤਾਰ ਕਰ ਕੇ ਦੋ ਪੋਕਲੇਨ ਮਸ਼ੀਨਾਂ, ਇੱਕ ਜੇ ਸੀ ਬੀ, ਤਿੰਨ ਟਰੈਕਟਰ ਅਤੇ ਪੰਜ ਟਿੱਪਰ ਜ਼ਬਤ ਕੀਤੇ ਹਨ।

ਵਰਨਣ ਯੋਗ ਹੈ ਕਿ ਇਹ ਕਾਰਵਾਈ ਤਲਵਾੜੇ ਦੇ ਪਿੰਡ ਚੰਗੜਵਾਂ ਅਤੇ ਦਸੂਹਾ ਦੇ ਲੋਕਾਂ ਵੱਲੋਂ ਉਨ੍ਹਾਂ ਦੀ 728 ਕਨਾਲ ਜ਼ਮੀਨ ਉੱਤੇ ਕਰੱਸ਼ਰ ਵੱਲੋਂ ਗੈਰ ਕਾਨੂੰਨੀ ਮਾਈਨਿੰਗਦੀ ਸ਼ਿਕਾਇਤ ਉੱਤੇ ਕੀਤੀ ਗਈ ਹੈ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਾਈਨਿੰਗਵਿਭਾਗ ਹੁਸ਼ਿਆਰਪੁਰ ਦੇ ਜੂਨੀਅਰ ਇੰਜੀਨੀਅਰ ਸੁਨੀਲ ਸ਼ਰਮਾ ਵੱਲੋਂ ਤਲਵਾੜਾ ਪੁਲਸ ਦੀ ਮਦਦ ਨਾਲ ਹਿਮਾਚਲ ਤੇ ਪੰਜਾਬ ਦੀ ਹੱਦ ਉੱਤੇ ਲੱਗੇ ਕਰੱਸ਼ਰ ਨੂੰ ਚੈਕ ਕੀਤਾ ਤਾਂ ਕਰੱਸ਼ਰ ਮਾਲਕ ਮਨੋਜ ਕੁਮਾਰ ਰਿੰਕੂ ਕੋਈ ਦਸਤਾਵੇਜ਼ ਨਹੀਂ ਦਿਖਾ ਸਕਿਆ। ਇਸ ਦੌਰਾਨ ਪੁਲਸ ਤੇ ਹੋਰ ਅਧਿਕਾਰੀਆਂ ਨੂੰ ਆਉਂਦੇ ਦੇਖ ਮਸ਼ੀਨਾਂ ਦੇ ਚਾਲਕ ਅਤੇ ਟਿੱਪਰ ਡਰਾਈਵਰ ਫਰਾਰ ਹੋ ਗਏ। ਪੁਲਸ ਨੇ ਕਰੱਸ਼ਰ ਮਾਲਕ ਮਨੋਜ ਕੁਮਾਰ ਰਿੰਕੂ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਅਧਿਕਾਰੀ ਅਨੁਸਾਰ ਮਾਈਨਿੰਗਵਿਭਾਗ ਦੇ ਕੋਲ ਪੰਜਾਬ ਦੀ ਜ਼ਮੀਨ ਉੱਤੇ ਲੱਗੇ ਕਰੱਸ਼ਰ ਦੇ ਕੋਈ ਦਸਤਾਵੇਜ਼ ਨਹੀਂ ਸਨ, ਇਸ ਲਈ ਕੇਸ ਦਰਜ ਕਰ ਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਦਾਗੀ ਅਧਿਕਾਰੀ ਦੀ ਨਿਯੁਕਤੀ ਕਰਨ ਉਤੇ ਸਵਾਲ ਉਠੇ

ਚੰਡੀਗੜ੍ਹ, 24 ਜੁਲਾਈ (ਪੋਸਟ ਬਿਊਰੋ)- ਨਕਲੀ ਬੀਜਾਂ ਤੇ ਖਾਦਾਂ ਦੀ ਵਿਕਰੀ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂਬਣਾਈ ਸੂਬਾ ਪੱਧਰੀ ਫਲਾਇੰਗ ਸਕੁਐਡ ਵਿੱਚ ਇੱਕ ਦਾਗੀ ਅਧਿਕਾਰੀ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਉੱਤੇ ਪਹਿਲਾਂ ਹੀ ਨਕਲੀ ਖਾਦਾਂ ਆਦਿ ਵੇਚਣ ਵਾਲਿਆਂ ਨੂੰ ਬਚਾਉਣ ਦਾ ਦੋਸ਼ ਹੈ ਅਤੇ ਇਸ ਦੀ ਜਾਂਚ ਚੱਲ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਤਿੰਨ ਮੈਂਬਰੀ ਫਲਾਇੰਗ ਸਕੁਐਡ ਵਿੱਚ ਸ਼ਾਮਲ ਕੀਤੇ ਇੱਕ ਖੇਤੀਬਾੜੀ ਅਧਿਕਾਰੀ ਨੂੰ ਚਾਰਜਸ਼ੀਟ ਕੀਤਾ ਗਿਆ ਹੈ, ਕਿਉਂਕਿ ਉਸ ਉੱਤੇ ਜ਼ਬਤ ਕੀਤੇ ਗਏ ਸੈਂਪਲਾਂ ਤੇ ਉਨ੍ਹਾਂ ਦੀ ਮੁੜ ਟੈਸਟਿੰਗ ਵਿੱਚ ਦੇਰੀ ਕਰ ਕੇ ਨਕਲੀ ਬੀਜ ਅਤੇ ਖਾਦਾਂ ਵੇਚਣ ਵਾਲਿਆਂ ਦਾ ਪੱਖ ਪੂਰਨ ਦਾ ਦੋਸ਼ ਹੈ। ਬੀਤੀ 15 ਜੁਲਾਈ ਨੂੰ ਅਡੀਸ਼ਨਲਚੀਫ ਸੈਕਟਰੀ (ਖੇਤੀਬਾੜੀ) ਸਰਬਜੀਤ ਸਿੰਘ ਨੇ ਖੇਤੀਬਾੜੀ ਅਧਿਕਾਰੀ ਸਤੀਸ਼ ਕੁਮਾਰ ਖਿਲਾਫ ਚਾਰਜਸ਼ੀਟ ਜਾਰੀ ਕੀਤੀ ਸੀ। ਉਸ ਉੱਤੇ ਫਤਿਹਗੜ੍ਹ ਸਾਹਿਬ ਵਿੱਚ ਖੇਤੀਬਾੜੀ ਅਫਸਰ ਹੁੰਦਿਆਂ ਵਿਭਾਗ ਦੇ ਰਿਕਾਰਡ ਤੋਂ ਰੈਫਰੈਂਸ ਸੈਂਪਲਾਂ ਦੀ ਚੋਰੀ ਕਰਨ ਦਾ ਦੋਸ਼ ਵੀ ਹੈ। ਇਸ ਤੋਂ ਬਿਨਾ ਉਸ ਉੱਤੇ ਵਿਭਾਗ ਦੇ ਕੰਪਿਊਟਰਾਂ ਵਿੱਚ ਪਾਏ ਡਾਟਾ ਨੂੰ ਡਿਲੀਟ ਕਰਨ ਦਾ ਦੋਸ਼ ਵੀ ਹੈ। ਇਸ ਚਾਰਜਸ਼ੀਟਦੇ ਬਾਵਜੂਦਐਡੀਸ਼ਨਲਚੀਫ ਸੈਕਟਰੀ (ਖੇਤੀਬਾੜੀ) ਵੱਲੋਂ 15 ਜੁਲਾਈ ਨੂੰ ਦਸਤਖਤ ਕਰਕੇ ਉਸ ਨੂੰ ਸੂਬਾ ਪੱਧਰੀ ਫਲਾਇੰਗ ਸਕੁਐਡ ਦਾ ਮੈਂਬਰ ਨਿਯੁਕਤ ਕਰ ਦਿੱਤਾ ਹੈ, ਜਿਸ ਉੱਤੇ ਨਕਲੀ ਖਾਦਾਂ ਤੇ ਬੀਜਾਂ ਦੀ ਵਿਕਰੀ ਦੀ ਜਾਂਚ ਦੀ ਜ਼ਿੰਮੇਵਾਰੀ ਸੀ।ਇਸ ਦੌਰਾਨ ਅਧਿਕਾਰੀ ਸਰਬਜੀਤ ਸਿੰਘ ਨੇ ਕਿਹਾ ਕਿ ਇਹ ਹੁਕਮ ਗਲਤੀ ਨਾਲ ਜਾਰੀ ਹੋ ਗਿਆ ਸੀ, ਪਰ ਵਾਪਸ ਲੈ ਲਿਆ ਹੈ। ਜ਼ਮੀਨੀ ਪੱਧਰ ਉੱਤੇ ਅਧਿਕਾਰੀ ਕਹਿੰਦੇ ਹਨਇਸ ਸਮੇਂ ਸਤੀਸ਼ ਕੁਮਾਰ ਦੀ ਨਿਯੁਕਤੀ ਦੇ ਹੁਕਮ ਉਨ੍ਹਾਂ ਕੋਲ ਹਨ, ਜਦ ਕਿ ਰਿਵਾਈਜ਼ਡ ਆਰਡਰ ਅਜੇ ਉਨ੍ਹਾਂ ਤਕ ਨਹੀਂ ਪੁੱਜੇ।






# ਉਡਾਣ ਵਿੱਚ ਏਅਰ ਹੋਸਟੈਸ ਨਾਲ ਦੁਰਵਿਹਾਰ ਦਾ ਦੋਸ਼ੀ ਗ੍ਰਿਫਤਾਰ

ਅੰਮ੍ਰਿਤਸਰ, 24 ਜੁਲਾਈ (ਪੋਸਟ ਬਿਊਰੋ)- ਲਖਨਊ ਤੋਂ ਸ੍ਰੀਨਗਰ ਜਾ ਰਹੀ ਫਲਾਈਟ ਵਿੱਚ ਏਅਰ ਹੋਸਟੈਸ ਨਾਲ ਦੁਰਵਿਹਾਰ ਕਰਨ ਦੇ ਦੋਸ਼ ਵਿੱਚ ਪੁਲਸ ਨੇ ਕਾਨਪੁਰ ਦੇ ਇੱਕ ਯਾਤਰੀ ਨੂੰ ਗ੍ਰਿਫਤਾਰ ਕੀਤਾ ਹੈ।



ਅਸਲ ਵਿੱਚ ਇੰਡੀਗੋ ਦੀ ਫਲਾਈਟ ਨੇ ਕੱਲ੍ਹ ਸਵੇਰੇ ਕਰੀਬ 6.15 ਵਜੇ ਲਖਨਊ ਤੋਂ ਉਡਾਣ ਭਰੀ ਸੀ। ਇਸ ਦੇ ਮੁਸਾਫਰ ਮੁਹੰਮਦ ਦਾਨਿਸ਼ ਵਾਸੀ ਸਿਵਲ ਲਾਈਨਜ਼, ਗਵਾਲਟੋਲੀ, ਕਾਨਪੁਰ, ਉਤਰ ਪ੍ਰਦੇਸ਼ ਦੀ ਏਅਰ ਹੋਸਟੈਸ ਨਾਲ ਕਿਸੇ ਗੱਲ ਬਾਰੇ ਬਹਿਸ ਹੋ ਗਈ। ਇਸ ਪਿੱਛੋਂ ਦਾਨਿਸ਼ ਨੇ ਦੁਰਵਿਹਾਰ ਕਰਦੇ ਹੋਏ ਏਅਰ ਹੋਸਟੈਸ ਨਾਲ ਗਾਲੀ-ਗਲੌਚ ਕੀਤਾ ਤਾਂ ਏਅਰ ਹੋਸਟੈਸ ਨੇ ਫਲਾਈਟ ਦੇ ਪਾਇਲਟ ਨੂੰ ਇਸ ਦੀ ਜਾਣਕਾਰੀ ਦਿੱਤੀ ਅਤੇ ਉਥੋਂ ਤੁਰੰਤ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਕਰੀਬ ਇੱਕ ਘੰਟੇ ਚਾਲੀ ਮਿੰਟ ਪਿੱਛੋਂ ਫਲਾਈਟ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਏਅਰਪੋਰਟ ਅੰਮ੍ਰਿਤਸਰ ਪਹੁੰਚੀ ਤਾਂ ਸੁਰੱਖਿਆ ਮੁਲਾਜ਼ਮਾਂ ਨੇ ਦਾਨਿਸ਼ ਨੂੰ ਬਾਹਰ ਕੱਢ ਕੇ ਗ੍ਰਿਫਤਾਰ ਕਰ ਲਿਆ।ਏਅਰ ਹੋਸਟੈਸ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਦਰਜ ਕਰਵਾਈ। ਇਸ ਕਾਰਵਾਈ ਦੌਰਾਨ ਫਲਾਈਟ 15 ਮਿੰਟ ਦੇਰੀ ਨਾਲ ਰਵਾਨਾ ਹੋਈ। ਏਅਰਪੋਰਟ ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨੂੰ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਗਿਆ।

# ਮੈਡੀਕਲ ਸਟੋਰ ਦੀ ਨੌਕਰੀ ਕਰਦੇ ਦੋ ਨੌਜਵਾਨਾਂ ਦੀ ਜ਼ਹਿਰੀਲੀ ਦਵਾਈ ਖਾਣ ਨਾਲ ਮੌਤ

ਤਰਨ ਤਾਰਨ, 24 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਢੋਟੀਆਂ ਦੇ ਇੱਕ ਮੈਡੀਕਲ ਸਟੋਰ ਵਿੱਚ ਕੰਮ ਕਰਨ ਵਾਲੇ ਦੋ ਨੌਜਵਾਨਾਂ ਦੀ ਜ਼ਹਿਰੀਲੀ ਦਵਾਈ ਨਿਗਲਣ ਕਾਰਨ ਮੌਤ ਹੋ ਗਈ ਹੈ।

ਮਿਲੀ ਸੂਚਨਾ ਅਨੁਸਾਰ ਮਨਪ੍ਰੀਤ ਸਿੰਘ (24) ਪੁੱਤਰ ਜਸਪਾਲ ਸਿੰਘ ਪਿੰਡ ਵਰਾਣਾ ਕਰੀਬ ਦੋ ਸਾਲ ਤੋਂ ਪਿੰਡ ਢੋਟੀਆਂ ਵਿਖੇ ਇੱਕ ਮੈਡੀਕਲ ਸਟੋਰ ਵਿਖੇ ਨੌਕਰੀ ਕਰਦਾ ਸੀ। ਇਸ ਦੇ ਨਾਲ ਇੱਕ ਹੋਰ ਨੌਜਵਾਨ ਸਿਮਰਨਜੀਤ ਸਿੰਘ (20) ਪੁੱਤਰ ਪਰਮਜੀਤ ਸਿੰਘ ਪਿੰਡ ਤੁੜ, ਜੋ ਕਰੀਬ ਛੇ ਮਹੀਨੇ ਤੋਂ ਮੈਡੀਕਲ ਸਟੋਰ ਵਿੱਚ ਨੌਕਰੀ ਕਰ ਰਿਹਾ ਸੀ। ਕੱਲ੍ਹ ਸਵੇਰੇ ਕਰੀਬ ਨੌਂ ਵਜੇ ਦੋਵੇਂ ਨੌਜਵਾਨ ਜਦੋਂ ਮੈਡੀਕਲ ਸਟੋਰ ਵਿੱਚ ਕੰਮ ਲਈ ਪੁੱਜੇ ਤਾਂ ਉਨ੍ਹਾਂ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਦੋਵਾਂ ਦੀ ਹਾਲਤ ਖਰਾਬ ਹੁੰਦੇ ਵੇਖ ਕੇ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਵਿਖੇ ਲਿਜਾਇਆ ਗਿਆ, ਜਿਸ ਤੋਂ ਬਾਅਦ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਦੇਰ ਸ਼ਾਮ ਦੋਵਾਂ ਦੀ ਮੌਤ ਹੋ ਗਈ। ਥਾਣਾ ਸਰਹਾਲੀ ਦੀ ਚੌਕੀ ਨੌਸ਼ਹਿਰਾ ਪੰਨੂਆਂ ਦੇ ਇੰਚਾਰਜ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਅਤੇ ਸਿਮਰਨਜੀਤ ਸਿੰਘ ਦੀ ਜ਼ਹਿਰੀਲੀ ਦਵਾਈ ਨਿਗਲਣ ਕਾਰਨ ਮੌਤ ਹੋ ਗਈ ਹੈ ਅਤੇ ਮ੍ਰਿਤਕਾਂ ਦੇ ਵਾਰਸ ਜੋ ਬਿਆਨ ਦੇਣਗੇ, ਉਸ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

# ਗੁਜ਼ਾਰਾ ਭੱਤਾ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ, ਧੀਆਂ ਬੋਝ ਨਹੀਂ ਹੁੰਦੀਆਂ



ਨਵੀਂ ਦਿੱਲੀ, 24 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇੱਕ ਔਰਤ ਨੂੰ ਉਸ ਦੇ ਪਿਤਾ ਵੱਲੋਂ ਗੁਜ਼ਾਰਾ ਭੱਤਾ ਦੇਣ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਧੀਆਂ ਬੋਝ ਨਹੀਂ ਹੁੰਦੀਆਂ।

ਜਸਟਿਸ ਡੀ ਵਾਈ ਚੰਦਰਚੂੜ ਅਤੇ ਏ ਐਸ ਬੋਪੰਨਾ ਦੇ ਬੈਂਚ ਨੇ ਇਹ ਟਿੱਪਣੀ ਕੱਲ੍ਹ ਉਸ ਵਿਅਕਤੀ ਵੱਲੋਂ ਪੇਸ਼ ਹੋਏ ਵਕੀਲ ਦੀ ਦਲੀਲ ਉੱਤੇ ਕੀਤੀ। ਸੰਵਿਧਾਨ ਦੀ ਸਮਾਨਤਾ ਨਾਲ ਸਬੰਧਤ ਧਾਰਾ-14 ਦਾ ਹਵਾਲਾ ਦਿੰਦਿਆਂ ਜਸਟਿਸ ਚੰਦਰਚੂੜ ਨੇ ਕਿਹਾ, ‘‘ਧੀਆਂ ਬੋਝ ਨਹੀਂ ਹੁੰਦੀਆਂ।''ਸੁਪਰੀਮ ਕੋਰਟ ਨੇ ਅਕਤੂਬਰ 2020 ਵਿੱਚ ਜ਼ਿਕਰ ਕੀਤਾ ਸੀ ਕਿ ਬਿਨੈਕਾਰਾਂ ਵੱਲੋਂ ਪੇਸ਼ ਵਕੀਲ ਨੇ ਕਿਹਾ ਹੈ ਕਿ ਅਪ੍ਰੈਲ 2018 ਤੋਂ ਬਾਅਦ ਧੀ ਲਈ 8000 ਰੁਪਏ ਪ੍ਰਤੀ ਮਹੀਨੇ ਦੀ ਦਰ ਨਾਲ ਅਤੇ ਪਤਨੀ ਲਈ ਗੁਜ਼ਾਰੇ ਦੀ ਰਕਮ ਦਾ ਬਕਾਏ ਦਾ ਭੁਗਤਾਨ ਨਹੀਂ ਕੀਤਾ। ਫਿਰ ਇਸ ਨੇ ਆਦਮੀ ਨੂੰ ਦੋ ਹਫਤੇ ਦੇ ਅੰਦਰ ਆਪਣੀ ਪਤਨੀ ਅਤੇ ਧੀ ਨੂੰ 2,50,000 ਰੁਪਏ ਦੇਣ ਦਾ ਨਿਰਦੇਸ਼ ਦਿੱਤਾ। ਜਦੋਂ ਇਸ ਸਾਲ ਮਈ ਵਿੱਚ ਇਹ ਮਾਮਲਾ ਸੁਣਵਾਈ ਲਈ ਆਇਆ ਤਾਂ ਬੈਂਚ ਨੂੰ ਦੱਸਿਆ ਗਿਆ ਕਿ ਪਤਨੀ ਦੀ ਪਿਛਲੇ ਸਾਲ ਮੌਤ ਹੋ ਗਈ ਸੀ। ਵਿਅਕਤੀ ਦੇ ਵਕੀਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਗੁਜ਼ਾਰੇ ਭੱਤੇ ਦੀ ਬਕਾਇਆ ਰਾਸ਼ੀ ਦੇ ਦਿੱਤੀ ਹੈ। ਉਨ੍ਹਾਂ ਇਸ ਸਬੰਧੀ ਬੈਂਕ ਸਟੇਟਮੈਂਟ ਦਾ ਹਵਾਲਾ ਦਿੱਤਾ।ਇਹ ਮਾਮਲਾ ਸ਼ੁੱਕਰਵਾਰ ਨੂੰ ਜਦੋਂ ਸੁਣਵਾਈ ਲਈ ਆਇਆ ਤਾਂ ਬੈਂਚ ਨੂੰ ਦੱਸਿਆ ਗਿਆ ਕਿ ਔਰਤ ਵਕੀਲ ਹੈ ਅਤੇ ਉਸ ਨੇ ਜੁਡੀਸ਼ਲ ਸਰਵਿਸ ਦੀ ਮੁੱਢਲੀ ਪ੍ਰੀਖਿਆ ਪਾਸ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਔਰਤ ਨੂੰ ਆਪਣੀ ਪ੍ਰੀਖਿਆ ਉੱਤੇ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਆਪਣੇ ਪਿਤਾ ਉੱਤੇ ਨਿਰਭਰ ਨਾ ਰਹੇ। ਜਦੋਂ ਬੈਂਚ ਨੂੰ ਦੱਸਿਆ ਗਿਆ ਕਿ ਔਰਤ ਤੇ ਉਸ ਦੇ ਪਿਤਾ ਨੇ ਲੰਮੇ ਸਮੇਂ ਤੋਂ ਇੱਕ ਦੂਜੇ ਨਾਲ ਗੱਲ ਨਹੀਂ ਕੀਤੀ, ਤਾਂ ਅਦਾਲਤ ਨੇ ਸੁਝਾਅ ਦਿੱਤਾ ਕਿ ਉਹ ਇੱਕ ਦੂਜੇ ਨਾਲ ਗੱਲ ਕਰਨ।

# ਇੱਕੋ ਪਰਿਵਾਰ ਦੇ ਤਿੰਨ ਜੀਆਂ ਦਾ ਗੋਲੀਆਂ ਮਾਰ ਕੇ ਕਤਲ




ਆਯੋਵਾ ਸਿਟੀ, 24 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਪੂਰਬੀ ਆਯੋਵਾ ਦੇ ਇੱਕ ਪਾਰਕ ਵਿੱਚ ਇੱਕ ਪਰਵਾਰ ਦੇ ਤਿੰਨ ਜੀਆਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਸ਼ੱਕੀ ਬੰਦੂਕਦਾਰੀ ਨੇ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਆਯੋਵਾ ਡਵੀਜ਼ਨ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ੁੱਕਰਵਾਰ ਸਵੇਰੇ ਕਰੀਬ 6.30 ਵਜੇ ਮਕੋਕੇਟਾ ਕੇਵਜ਼ ਸਟੇਟ ਪਾਰਕ ਦੀ ਕੈਂਪਗਰਾਊਂਡ ਵਿੱਚ ਗੋਲੀਬਾਰੀ ਦੀ ਸੂਚਨਾ ਮਿਲਣ ਤੋਂ ਬਾਅਦ ਅਧਿਕਾਰੀ ਉਥੇ ਪਹੁੰਚੇ ਸਨ ਅਤੇ ਜਾਂਚ ਕੀਤੀ ਜਾ ਰਹੀ ਹੈ।

ਡਵੀਜ਼ਨ ਦੇ ਸਹਾਇਕ ਡਾਇਰੈਕਟਰ ਮਿਚ ਮੋਰਟਵੇਟ ਅਨੁਸਾਰ ਅਧਿਕਾਰੀਆਂ ਨੇ ਦੇਖਿਆ ਕਿ ਕੈਂਪਗਰਾਊਂਡ ਵਿੱਚ ਇੱਕ ਤੰਬੂ ਵਿੱਚ ਮ੍ਰਿਤਕ ਪਏ ਤਿੰਨ ਲੋਕਾਂ ਨੂੰ ਗੋਲੀਆਂ ਲੱਗੀਆਂ ਸਨ। ਬਾਅਦ ਵਿੱਚ ਪਬਲਿਕ ਸੇਫਟੀ ਵਿਭਾਗ ਨੇ ਉਨ੍ਹਾਂ ਦੀ ਪਛਾਣ ਟਾਇਲਰ ਸ਼ਮਿਟ (42), ਸਾਰਾ ਸਮਿਟ (42) ਅਤੇ ਲੂਲੂ ਸ਼ਮਿਟ (6) ਵਜੋਂ ਕੀਤੀ ਹੈ, ਜਿਹੜੇ ਸੀਡਰ ਫਾਲਸ ਆਯੋਵਾ ਦੇ ਵਾਸੀ ਸਨ। ਉਨ੍ਹਾਂ ਦੇ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮੋਰਟਵੇਟ ਨੇ ਕਿਹਾ ਕਿ ਅਧਿਕਾਰੀਆਂ ਨੇ ਪਾਰਕ ਵਿੱਚ ਮੌਜੂਦ ਸਾਰਿਆਂ ਨੂੰ ਉਥੋਂ ਕੱਢਿਆ।ਆਯੋਵਾ ਕਰਾਈਮ ਇਨਵੈਸਟੀਗੇਸ਼ਨ ਡਵੀਜ਼ਨ ਦੇ ਵਿਸ਼ੇਸ਼-ਇੰਚਾਰਜ ਨੇ ਕਿਹਾ ਕਿ ਪਿੱਛੋਂ ਘਟਨਾ ਸਥਾਨ ਉੱਤੇ ਨੇਬਰਾ-ਸਕਾ ਦੇ ਇੱਕ ਵਿਅਕਤੀ ਦੀ ਲਾਸ਼ ਮਿਲੀ, ਜਿਸ ਨੇ ਖੁਦ ਨੂੰ ਗੋਲੀ ਮਾਰੀ ਸੀ। ਅਧਿਕਾਰੀਆਂ ਨੇ ਵਿਅਕਤੀ ਦੀ ਪਛਾਣ 23 ਸਾਲਾ ਐਂਥਨੀ ਸ਼ੇਰਵਿਨ ਵਜੋਂ ਕੀਤੀ ਹੈ।ਆਯੋਵਾ ਵਿੱਚ ਲਾਇਸੰਸ ਹੋਲਡਰਾਂ ਨੂੰ ਕਿਤੇ ਵੀ ਹਥਿਆਰ ਲਿਜਾਣ ਦੀ ਖੁੱਲ੍ਹ ਹੈ।

# ਨੌਜਵਾਨ ਦੀ ਹੱਤਿਆ ਕਰ ਕੇ ਲਾਸ਼ ਬਾਜ਼ਾਰ ਵਿੱਚ ਘੁੰਮਾਈ ਗਈ



ਕਾਬੁਲ, 24 ਜੁਲਾਈ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਬਗਲਾਨ ਸੂਬੇ ਦੇ ਅੰਦਰਾਬ ਜ਼ਿਲ੍ਹੇਵਿੱਚ ਤਾਲਿਬਾਨ ਨੇ ਘਰ ਤੋਂ ਕੱਢ ਕੇ ਇੱਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਅਤੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਉਸ ਦੀ ਲਾਸ਼ ਨੂੰ ਬਾਜ਼ਾਰ ਵਿੱਚ ਘੁਮਾਇਆ।ਮੀਡੀਆ ਅਨੁਸਾਰ ਅੰਦਰਾਬ ਦੇ ਕਾਸਾ ਤਰਾਸ਼ ਖੇਤਰ ਵਿੱਚ ਤਾਲਿਬਾਨ ਨੇ 20 ਜੁਲਾਈ ਨੂੰ ਘਰੋਂ ਕੱਢ ਕੇ ਇੱਕ ਸਥਾਨਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਸੀ।

ਇਸ ਦੇ ਅਗਲੇ ਦਿਨ ਲੋਕ ਉਸ ਨੌਜਵਾਨ ਦੀ ਲਾਸ਼ ਨਾਲ ਜ਼ਿਲ੍ਹਾ ਹੈਡਕੁਆਰਟਰ ਪੁੱਜੇ ਤੇ ਤਾਲਿਬਾਨ ਨੂੰ ਹੱਤਿਆ ਦਾ ਕਾਰਨ ਦੱਸਣ ਲਈ ਕਿਹਾ। ਸਥਾਨਕ ਲੋਕਾਂ ਨੇ ਕਿਹਾ ਕਿ ਤਾਲਿਬਾਨ ਨੇ ਜ਼ਿਲ੍ਹਾ ਹੈਡਕੁਆਰਟਰ ਭਵਨ ਸਾਹਮਣੇ ਇਕੱਤਰ ਲੋਕਾਂ ਨੂੰ ਹਵਾਈ ਫਾਇਰਿੰਗ ਕਰ ਕੇ ਭਜਾ ਦਿੱਤਾ।ਨੌਜਵਾਨ ਦੀ ਹੱਤਿਆ ਤੇ ਉਸ ਦੀ ਲਾਸ਼ ਨੂੰ ਬਾਜ਼ਾਰ ਵਿੱਚ ਘੁਮਾਉਣ ਦਾ ਇਹ ਕੇਸ ਅਫਗਾਨਿਸਤਾਨ ਵਿੱਚ ਯੂ ਐੱਨ ਸਹਾਇਤਾ ਮਿਸ਼ਨ (ਯੂ ਐਨ ਏ ਐਮ ਏ) ਵੱਲੋਂ ਤਾਲਿਬਾਨ ਦੀ ਮਨਮਰਜ਼ੀ ਅਤੇ ਮਨੁੱਖੀ ਅਧਿਕਾਰ ਦੀ ਉਲੰਘਣਾ ਬਾਰੇ ਰਿਪੋਰਟ ਜਾਰੀ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਦਾ ਹੈ। ਇਸ ਰਿਪੋਰਟ ਵਿੱਚ ਯੂ ਐਨ ਏ ਐਮ ਏ ਨੇ ਅਫਗਾਨਿਸਤਾਨ ਵਿੱਚ ਤਾਲਿਬਾਨ ਰਾਜ ਦੇ 10 ਮਹੀਨਿਆਂ ਵਿੱਚ ਹੋਏ ਮਨੁੱਖੀ ਅਧਿਕਾਰ ਉਲੰਘਣਾ ਦੇ ਕੇਸਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ।ਵਰਨਣ ਯੋਗ ਹੈ ਕਿ ਤਾਲਿਬਾਨ ਨੇ ਸਰਕਾਰ ਬਣਾਉਣ ਪਿੱਛੋਂ ਲੋਕਾਂ ਨੂੰ ਯਕੀਨ ਦਿਵਾਇਆ ਸੀ ਕਿ ਅਫਗਾਨਿਸਤਾਨ ਵਿੱਚ ਕਿਸੇ ਤਰ੍ਹਾਂ ਦੀ ਵੀ ਹਿੰਸਾ ਨਹੀਂ ਹੋਵੇਗੀ ਅਤੇ ਲੋਕ ਸਾਧਾਰਨ ਜੀਵਨ ਜੀਉ ਸਕਣਗੇ, ਪਰ ਇਸ ਤਾਜ਼ੇ ਕਤਲ ਨੇ ਤਾਲਿਬਾਨ ਉੱਤੇ ਮੁੜ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

# ਪੰਜਾਬੀ ਡਰਾਈਵਰ ਦੀ ਹੱਤਿਆ ਕਰਨ ਵਾਲਾ ਉਤਰਾਖੰਡ ਤੋਂ ਕਾਬੂ



ਊਧਮ ਸਿੰਘ ਨਗਰ, 24 ਜੁਲਾਈ (ਪੋਸਟ ਬਿਊਰੋ)- ਤਰਨ ਤਾਰਨ ਵਿੱਚ ਟੈਕਸੀ ਡਰਾਈਵਰ ਸ਼ੇਰਾ ਦਾ ਕਤਲ ਕਰਨ ਵਾਲੇ ਉਤਰਾਖੰਡ ਦੇ ਊਧਮ ਸਿੰਘ ਨਗਰ ਦੇ ਸ਼ੂਟਰ ਰੋਹਿਤ ਨੂੰ ਕੁਮਾਊਂ ਐਸ ਟੀ ਐਫ ਤੇ ਲੋਕਲ ਪੁਲਸ ਨੇ ਕੱਲ੍ਹ ਤੜਕੇ ਗ੍ਰਿਫਤਾਰ ਕਰ ਲਿਆ। ਪੁਲਸ ਨੂੰ ਉਸ ਕੋਲੋਂ ਹੱਤਿਆ ਵਿੱਚ ਵਰਤੀ ਗਈ ਪਿਸਤੌਲ ਵੀ ਮਿਲੀ ਹੈ।

ਐਸ ਪੀ ਸਿਟੀ ਮਨੋਜ ਕਤਿਆਲ ਨੇ ਦੱਸਿਆ ਕਿ ਰੋਹਿਤ ਦੇ ਕਿੱਛਾ ਵਿੱਚ ਹੋਣ ਦੀ ਸੂਹਉੱਤੇਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਅਤੇ ਪੁਲਸ ਦੀ ਸਾਂਝੀ ਟੀਮ ਨੇ ਕੱਲ੍ਹ ਤੜਕੇ ਕਿੱਛਾ-ਰੁਦਰਪੁਰ ਬਾਈਪਾਸ ਉੱਤੇ ਛਾਪਾ ਮਾਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਸ਼ੇਰਾ ਦੇ ਕਤਲ ਦੀ ਸੁਪਾਰੀ 25 ਲੱਖ ਰੁਪਏ ਵਿੱਚ ਸਾਜਨ ਰਾਮ ਨਾਂਅ ਦੇ ਵਿਅਕਤੀ ਨਾਲ ਤੈਅ ਹੋਈ ਸੀ।ਯੋਜਨਾ ਮੁਤਾਬਕ ਰੋਹਿਤ ਆਪਣੇ ਨਾਬਾਲਗ ਸਾਥੀ ਨਾਲ ਚਾਰ ਜੁਲਾਈ ਨੂੰ ਅੰਮ੍ਰਿਤਸਰ ਪੁੱਜਾ ਤਾਂ ਰੇਲਵੇ ਸਟੇਸ਼ਨ ਉੱਤੇ ਸਾਜਨ ਮਿ-ਲਿਆ ਜਿਸ ਨੇ ਉਨ੍ਹਾਂ ਨੂੰ ਖੇਮਕਰਨ ਲਿਜਾ ਕੇ ਰੇਕੀ ਕਰਵਾਈ ਅਤੇ ਹੱਤਿਆ ਦੀ ਜਗ੍ਹਾ ਤੈਅ ਕੀਤੀ। ਇਸ ਪਿੱਛੋਂ ਪੰਜ ਜੁਲਾਈ ਨੂੰ ਰੋਹਿਤ ਆਪਣੇ ਸਾਥੀ ਨਾਲ ਖੇਮਕਰਨ ਪੁੱਜਾ ਤੇ ਸ਼ੇਰਾ ਦੀ ਟੈਕਸੀ ਨੂੰ ਅੰਮ੍ਰਿਤਸਰ ਲਈ ਬੁੱਕ ਕੀਤਾ। ਰਾਹ ਵਿੱਚ ਵਲਟੋਹਾ ਥਾਣਾ ਖੇਤਰ ਦੇ ਇੱਕ ਇੱਟਾਂ ਦੇ ਭੱਠੇ ਕੋਲ ਟੈਕਸੀ ਰੁਕਵਾ ਕੇ ਰੋਹਿਤ ਨੇ ਸ਼ੇਰਾ ਦੇ ਸਿਰ ਵਿੱਚ 315 ਬੋਰ ਦੀ ਪਿਸਤੌਲ ਨਾਲ ਗੋਲੀ ਮਾਰ ਦਿੱਤੀ ਅਤੇ ਦੋਵੇਂ ਪੈਦਲ ਹੀ ਖੇਤਾਂ ਵਿੱਚੋਂ ਮਿੱਥੀ ਜਗ੍ਹਾ ਉੱਤੇ ਸਾਜਨ ਨੂੰ ਮਿਲੇ। ਸਾਜਨ ਨੇ ਉਨ੍ਹਾਂ ਨੂੰ ਆਪਣੀ ਬਾਈਕ ਉੱਤੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਛੱਡ ਦਿੱਤਾ। ਉਥੋਂ ਦੋਵੇਂ ਕਿੱਛਾ ਵਾਪਸ ਆ ਗਏ। ਸਾਜਨ ਦੇ ਫੜੇ ਜਾਣ ਪਿੱਛੋਨ ਰੋਹਿਤ ਨਾਲ ਉਸ ਦੇ ਨਾਬਾਲਗ ਸਾਥੀ ਦਾ ਨਾਂਅ ਸਾਹ-ਮਣੇ ਆਇਆ। ਦੋਸ਼ੀ ਦੇ ਫੜੇ ਜਾਣ ਦੀ ਖਬਰ ਪੰਜਾਬ ਪੁਲਸ ਨੂੰ ਦੇ ਦਿੱਤੀ ਗਈ ਹੈ।


# ਪੇਈਚਿੰਗ ਕੋਰਟ ਨੇ ਅਣਵਿਆਹੀ ਔਰਤ ਦੇ ਅੰਡਾਣੂ ਸੁਰੱਖਿਅਤ ਕਰਨ ਦੀ ਅਪੀਲ ਠੁਕਰਾਈ

ਤਾਈਪੇ (ਤਾਈਵਾਨ), 24 ਜੁਲਾਈ (ਪੋਸਟ ਬਿਊਰੋ)- ਚੀਨ ਦੀ ਇੱਕ ਅਦਾਲਤ ਨੇ ਪੇਈਚਿੰਗ ਦੀ ਉਸ ਅਣਵਿਆਹੀ ਔਰਤ ਦੀ ਅਪੀਲ ਠੁਕਰਾ ਦਿੱਤੀ ਹੈ, ਜੋ ਆਪਣੇ ਅੰਡਾਣੂ ਸੁਰੱਖਿਅਤ ਰਖਵਾਉਣਾ ਚਾਹੁੰਦੀ ਸੀ।

ਇਸ ਬਹੁਚਰਚਿਤ ਮਾਮਲੇ ਵਿੱਚ ਪੇਈਚਿੰਗ ਵਿੱਚ ਚਾਓਯਾਂਗ ਇੰਟਰਮੀਡੀਏਟ ਪੀਪੁਲਸ ਕੋਰਟ ਨੇ ਇੱਕ ਫੈਸਲੇ ਵਿੱਚ ਕਿਹਾ ਕਿ ਹਸਪਤਾਲ ਨੇ ਔਰਤ ਦੇ ਅੰਡਾਣੂਆਂ ਨੂੰ ਸੁਰੱਖਿਅਤ ਰੱਖਣ ਤੋਂ ਇਨਕਾਰ ਕਰ ਕੇ ਉਸ ਦੇ ਅਧਿਕਾਰਾਂ ਦੀ ਉਲੰਘਣੀ ਨਹੀਂ ਕੀਤੀ ਗਈ।ਟੇਰੇਸਾ ਸ਼ੁ ਨੇ ਤਿੰਨ ਸਾਲ ਪਹਿਲਾਂ ਇਹ ਕੇਸ ਕੀਤਾ ਸੀ, ਜਿਸ ਉੱਤੇਕੱਲ੍ਹ ਅਦਾਲਤ ਦਾ ਫੈਸਲਾ ਆਇਆ ਹੈ। ਚੀਨ ਵਿੱਚ ਕਾਨੂੰਨ ਅਣਵਿਆਹੇ ਲੋਕਾਂ ਨੂੰ ਜਣੇਪੇ ਸਬੰਧੀ ਇਲਾਜ ਦੇਣ ਵਰਗੀਆਂ ਸੇਵਾਵਾਂ ਤੋਂ ਸਿੱਧੇ ਰੂਪ ਵਿੱਚ ਨਹੀਂ ਰੋਕਦੇ, ਪਰ ਹਸਪਤਾਲ ਅਤੇ ਬਾਕੀ ਸੰਸਥਾਵਾਂ ਅਜਿਹੇ ਲੋਕਾਂ ਨੂੰ ਵਿਆਹ ਦਾ ਸਰਟੀਫਿਕੇਟ ਦਿਖਾਉਣ ਨੂੰ ਕਹਿੰਦੇ ਹਨ।ਇਹ ਕੇਸ 2018 ਦਾ ਹੈ, ਜਦ ਤੀਹ ਸਾਲਾ ਸ਼ੁ ਕੈਪੀਟਲ ਮੈਡੀਕਲ ਯੂਨੀਵਰਸਿਟੀ ਵਿੱਚ ਪੇਈਚਿੰਗ ਦੇ ਸਰਕਾਰੀ ਹਸਪਤਾਲ ਵਿੱਚ ਗਈ ਅਤੇ ਉਥੇ ਆਪਣੇ ਅੰਡਾਣੂਆਂ ਨੂੰ ਸੁਰੱਖਿਅਤ ਰੱਖਣ ਲਈ ਕਿਹਾ ਸੀ। ਸ਼ੁਰੂ ਦੀ ਜਾਂਚ ਦੇ ਬਾਅਦ ਉਸ ਨੂੰ ਦੱਸਿਆ ਗਿਆ ਕਿ ਉਸ ਦੀ ਅਪੀਲ ਨਹੀਂ ਮੰਨੀ ਜਾ ਸਕਦੀ, ਕਿਉਂਕਿ ਉਹ ਵਿਆਹ ਦਾ ਸਰਟੀਫਿਕੇਟ ਨਹੀਂ ਦਿਖਾ ਸਕੀ। ਉਸ ਨੇ ਕਿਹਾ ਕਿ ਡਾਕਟਰਾਂ ਨੇ ਉਸ ਨੂੰ ਬੱਚਾ ਕਰਨ ਦੀ ਅਪੀਲ ਕੀਤੀ ਸੀ, ਜਦ ਕਿ ਉਹ ਜਵਾਨ ਸੀ ਅਤੇ ਅਣਵਿਆਹੀ ਹੀ ਆਪਣੇ ਅੰਡਾਣੂਆਂ ਨੂੰ ਸੁਰੱਖਿਅਤ ਰਖਵਾਉਣਾ ਚਾਹੁੰਦੀ ਸੀ।

# ਕਰਜ਼ੇ ਵਿੱਚ ਡੁੱਬੇ ਪੁੱਤਰ ਵੱਲੋਂ ਗੋਲੀ ਮਾਰ ਕੇਹੋਟਲ ਮਾਲਕ ਮਾਂ-ਬਾਪ ਦੀ ਹੱਤਿਆ

ਰੋਹਤਕ, 24 ਜੁਲਾਈ (ਪੋਸਟ ਬਿਊਰੋ)- ਕਰਜ਼ੇ ਵਿੱਚ ਡੁੱਬੇ ਪੁੱਤਰ ਨੇ ਕੱਲ੍ਹ ਤੜਕੇ ਸਾਢੇ ਚਾਰ ਵਜੇ ਜਨਤਾ ਕਾਲੋਨੀ ਵਿੱਚ ਮਾਤਾ-ਪਿਤਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪਤੀ-ਪਤਨੀ ਮਕਾਨ ਦੇ ਹੇਠਾਂ ਵਾਲੇ ਕਮਰੇ ਵਿੱਚ ਸੁੱਤੇ ਪਏ ਸਨ। ਦੋਸ਼ੀ ਫਰਾਰ ਹੈ ਅਤੇ ਉਸ ਉੱਤੇ ਕਰੀਬ 15 ਲੱਖ ਰੁਪਏ ਕਰਜ਼ਾ ਹੈ। ਇਸ ਨੂੰ ਉਤਾਰਨ ਲਈ ਉਹ ਹੋਟਲ ਆਪਣੇ ਨਾਂਅ ਕਰਵਾ ਕੇ ਕੁਝ ਜਾਇਦਾਦ ਵੇਚਣੀ ਚਾਹੁੰਦਾ ਸੀ, ਪਰ ਮਾਤਾ-ਪਿਤਾ ਮਨ੍ਹਾ ਕਰ ਰਹੇ ਸਨ।




ਪਤਾ ਲੱਗਾ ਹੈ ਕਿ 55 ਸਾਲਾ ਚੰਦਰਭਾਨ ਘਰ ਦੇ ਨੇੜੇ ਹੀ ਤਾਰਾ ਨਾਂਅ ਦਾ ਹੋਟਲ ਚਲਾਉਂਦੇ ਸਨ। ਇਹ ਕਈ ਦਹਾਕੇ ਪੁਰਾਣਾ ਹੈ। ਕੱਲ੍ਹ ਤੜਕੇ ਪੁਲਸ ਨੂੰ ਸੂਚਨਾ ਮਿਲੀ ਕਿ ਚੰਦਰਭਾਨ ਅਤੇ ਉਸ ਦੀ ਪਤਨੀ 50 ਸਾਲਾ ਨਿਸ਼ਾ ਦੀ ਘਰ ਦੇ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮਕਾਨ ਦੇ ਹੇਠਾਂ ਵਾਲੇ ਕਮਰੇ ਵਿੱਚ ਦੋਵਾਂ ਦੀਆਂ ਲਾਸ਼ਾਂ ਖੂਨ ਨਾਲ ਲਥਪਥ ਪਈਆਂ ਸਨ। ਚੰਦਰਭਾਨ ਦੇ ਸਿਰ ਦੇ ਵਿੱਚ ਤੇ ਨਿਸ਼ਾ ਦੀ ਪੁੜਪੁੜੀ ਵਿੱਚ ਗੋਲੀ ਲੱਗੀ ਸੀ। ਪੁਲਸ ਨੂੰ ਚੰਦਰਭਾਨ ਦੀ ਨੂੰਹ ਨੇ ਦੱਸਿਆ ਕਿ ਉਸ ਦੇ ਪਤੀ ਤਰੁਣ ਨੇ ਸੌਣ ਵੇਲੇ ਉਸ ਨੂੰ ਉਪਰੇ ਕਮਰੇ ਵਿੱਚ ਬੰਦ ਕਰ ਦਿੱਤਾ ਸੀ। ਗੋਲੀ ਦੀ ਆਵਾਜ਼ ਸੁਣ ਕੇ ਉਹ ਦਰਵਾਜ਼ਾ ਖੋਲ੍ਹਣ ਲੱਗੀ ਤਾਂ ਬਾਹਰੋਂ ਕੁੰਡੀ ਲੱਗੀ ਸੀ। ਗੁਆਂਢੀਆਂ ਤੇ ਹੋਟਲ ਦੇ ਕਾਰਿੰਦੇ ਨੇ ਆ ਕੇ ਦਰਵਾਜ਼ਾ ਖੋਲ੍ਹਿਆ। ਦੋਹਰੇ ਕਤਲ ਪਿੱਛੋਂ ਤਰੁਣ ਫਰਾਰ ਹੈ। ਉਹ ਚੰਦਰਭਾਨ ਦਾ ਇਕਲੌਤਾ ਪੁੱਤਰ ਹੈ। ਜੂਏ ਅਤੇ ਨਸ਼ੇ ਕਾਰਨ ਉਸ ਉੱਤੇ 15 ਲੱਖ ਦਾ ਕਰਜ਼ਾ ਹੋ ਚੁੱਕਾ ਸੀ। ਉਹ ਹੋਟਲ ਆਪਣੇ ਨਾਂਅ ਕਰਾਉਣਾ ਚਾਹੁੰਦਾ ਸੀ।ਚੰਦਰਭਾਨ ਦੀ ਬੇਟੀ ਚਾਂਦਨੀ ਨੇ ਤਰੁਣ ਉੱਤੇ ਮਾਤਾ-ਪਿਤਾ ਦੀ ਹੱਤਿਆ ਦਾ ਕੇਸ ਦਰਜ ਕਰਾਇਆ ਅਤੇ ਦੱਸਿਆ ਕਿ ਉਸ ਦਾ ਵਿਆਹ ਕਰੀਬ ਚਾਰ ਸਾਲ ਪਹਿਲਾਂ ਹੋਇਆ ਸੀ। ਉਹ ਪਤੀ ਨਾਲ ਲੁਧਿਆਣਾ ਵਿੱਚ ਰਹਿੰਦੀ ਹੈ। ਤਰੁਣ ਮਾਤਾ-ਪਿਤਾ ਨੂੰ ਪ੍ਰੇਸ਼ਾਨ ਕਰਦਾ ਸੀ। ਉਸ ਉੱਤੇ ਕਾਫੀ ਕਰਜ਼ਾ ਸੀ। ਉਹ ਮਾਤਾ-ਪਿਤਾ ਉੱਤੇ ਜਾਇਦਾਦ ਲਈ ਦਬਾਅ ਪਾ ਰਿਹਾ ਸੀ।

# ਲਾਪਤਾ ਪਾਲਤੂ ਤੋਤਾ ਲੱਭਾ, ਪੰਜਾਹ ਹਜ਼ਾਰ ਬਦਲੇ 85 ਹਜ਼ਾਰ ਇਨਾਮ

ਤੁਮਕੁਰੂ (ਕਰਨਾਟਕ), 24 ਜੁਲਾਈ (ਪੋਸਟ ਬਿਊਰੋ)- ਕੁਝ ਦਿਨ ਪਹਿਲਾਂ ਇੱਕ ਪਰਵਾਰ ਦਾ ਪਾਲਤੂ ਤੋਤਾ ਗਾਇਬ ਹੋ ਗਿਆ ਤਾਂ ਮਾਲਕ ਨੇ ਇਸ ਨੂੰ ਲੱਭਣ ਵਾਲੇ ਨੂੰ ਪੰਜਾਹ ਹਜ਼ਾਰ ਰੁਪਏ ਇਨਾਮ ਦਾ ਐਲਾਨ ਕੀਤਾ। ਇਸ ਐਲਾਨ ਦੇ ਇੱਕ ਹਫਤੇ ਬਾਅਦ ਤੋਤਾ ਪਰਵਾਰ ਨੂੰ ਮਿਲ ਗਿਆ ਹੈ। ਤੋਤਾ ਮਿਲਣ ਤੋਂ ਖੁਸ਼ ਪਰਵਾਰ ਨੇ ਅਫਰੀਕੀ ਗ੍ਰੇਅ ਤੋਤਾ ‘ਰੁਸਤਮਾ' ਨੂੰ ਲੱਭਣ ਵਾਲੇ ਨੂੰ ਪਹਿਲਾਂ ਐਲਾਨ ਕੀਤੇ ਪੰਜਾਹ ਹਜ਼ਾਰ ਰੁਪਏ ਦੇ ਥਾਂ 85 ਹਜ਼ਾਰ ਦਾ ਇਨਾਮ ਦਿੱਤਾ।

ਵਰਨਣ ਯੋਗ ਹੈ ਕਿ ਉਨ੍ਹਾਂ ਦਾ ਪਾਲਤੂ ਤੋਤਾ ਕਰਨਾਟਕ ਦੇ ਤੁਮਕੁਰੂ ਸ਼ਹਿਰ ਵਿੱਚੋਂ ਲਾਪਤਾ ਹੋ ਗਿਆ ਸੀ। ਇਸ ਤੋਂ ਬਾਅਦ ਮਾਲਕ ਨੇ 30 ਹਜ਼ਾਰ ਪੋਸਟਰ ਚਿਪਕਾਏ ਸਨ। ਤੁਮਕੁਰੂ ਦੇ



ਬੰਦੇਪਾਲਯਾ ਵਾਸੀ ਸ੍ਰੀਨਿਵਾਸ ਨੇ ਆਪਣੇ ਘਰ ਦੇ ਸਾਹਮਣੇ ਦੁਰਲਭ ਤੋਤੇ ਨੂੰ ਦੇਖਿਆ ਅਤੇ ਆਪਣੇ ਕੋਲ ਰੱਖ ਲਿਆ। ਸ੍ਰੀਨਿਵਾਸ ਨੂੰ ਪੰਛੀ ਦੀ ਖੋਜ ਤੇ ਗੁਆਂਢੀਆਂ ਵੱਲੋਂ ਇਨਾਮ ਦੇ ਬਾਰੇ ਪਤਾ ਲੱਗਾ ਤਾਂ ਉਸ ਨੇ ਮਾਲਕ ਨੂੰ ਬੁਲਾਇਆ ਅਤੇ ਤੋਤਾ ਉਨ੍ਹਾਂ ਨੂੰ ਮੋੜ ਦਿੱਤਾ। ਪਰਵਾਰ ਹਰ ਸਾਲ ਦੋ ਤੋਤਿਆਂ ਦਾ ਜਨਮ ਦਿਨ ਧੂਮਧਾਮ ਨਾਲ ਮਨਾਉਂਦਾ ਹੈ। ਤੋਤੇ ਦੇ ਨਾਲ ਪਰਵਾਰ ਦਾ ਲਗਾਓ ਅਤੇ ਗੁਆਚੇ ਹੋਏ ਤੋਤੇ ਨੂੰ ਲੱਭਣ ਅਤੇ ਵਾਪਸ ਮਿਲਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਲੋਕਾਂ ਅਤੇ ਪਸ਼ੂ ਪ੍ਰੇਮੀਆਂ ਨੂੰ ਹੈਰਾਨ ਕਰ ਦਿੱਤਾ ਸੀ।

## ਵੱਡੇ ਭੈਣ-ਭਰਾ ਲੀਡਰ ਅਤੇ ਆਤਮਵਿਸ਼ਵਾਸੀ ਹੁੰਦੇ ਹਨ, ਛੋਟੇ ਖੋਜ ਵਿੱਚ ਰੁਚੀ ਵਾਲੇ

ਬੋਸਟਨ, 24 ਜੁਲਾਈ (ਪੋਸਟ ਬਿਊਰੋ)- ਪਰਵਾਰ ਵਿੱਚ ਵੱਡੇ ਭੈਣ-ਭਰਾ ਹਮੇਸ਼ਾ ਆਤਮਵਿਸ਼ਵਾਸੀ ਅਤੇ ਆਟੋਨਾਮਸ ਹੁੰਦੇ ਹਨ, ਪਰ ਛੋਟੇ ਭੈਣ-ਭਰਾ ਖੋਜੀ ਜੀਵਨ ਜੀਉਣ ਵਿੱਚ ਵੱਧ ਵਿਸ਼ਵਾਸ ਰੱਖਦੇ ਹਨ। ਬੋਸਟਨ ਦੀ ਨਾਰਥ ਈਸਟਰਨ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਪ੍ਰੋਫੈਸਰ ਲੌਰੀ ਕਰਾਮਰ ਨੇ ਬੱਚਿਆਂ ਦੇ ਜਨਮ ਦੇ ਕ੍ਰਮ ਦੇ ਪ੍ਰਭਾਵ ਸਮਝਣ ਲਈ ਇੱਕ ਖੋਜ ਕੀਤੀ ਤਾਂ ਪਤਾ ਲੱਗਾ ਕਿ ਜਨਮ ਦਾ ਕ੍ਰਮ ਅਗਵਾਈ ਕਰਨ ਦੇ ਗੁਣਾਂ ਨੂੰ ਪ੍ਰਭਾਵਤ ਕਰ ਸਕਦਾ ਹੈ, ਪਰ ਛੋਟੇ ਅਤੇ ਵੱਡੇ ਭੈਣ-ਭਰਾਵਾਂ ਨਾਲ ਜੁੜੇ ਗੁਣ ਅਲੱਗ ਹੁੰਦੇ ਹਨ। ਪਰਵਾਰ ਵਿੱਚ ਸਭ ਤੋਂ ਵੱਡੇ ਭਰਾ-ਭੈਣ ਵਿੱਚ ਲੀਡਰਸ਼ਿਪ ਕੁਆਲਿਟੀ ਵੱਧ ਹੁੰਦੀ ਹੈ। ਉਹ ਬਿਹਤਰ ਅਗਵਾਈ ਕਰ ਸਕਦੇ ਹਨ। ਪਰਵਾਰ ਦੇ ਮਾਹੌਲ ਅਤੇ ਬੱਚਿਆਂ ਦੀ ਸੰਭਾਲ ਉੱਤੇ ਇਹ ਨਿਰਭਰ ਹੁੰਦਾ ਹੈ।

# ਹਮਜ਼ਾ ਸ਼ਰੀਫ ਨੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

ਲਾਹੌਰ, 24 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਪੁੱਤਰ ਹਮਜ਼ਾ ਸ਼ਰੀਫ (47) ਨੇ ਕੱਲ੍ਹ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੋਬਾਰਾ ਸਹੁੰ ਚੁੱਕ ਲਈ। ਸਿਰਫ ਤਿੰਨ ਵੋਟਾਂ ਨਾਲ ਹਮਜ਼ਾ ਦੇ ਮੁੜ ਤੋਂ ਅਹੁਦੇ ਲਈ ਚਣੇ ਜਾਣ ਮਗਰੋਂ ਦੇਸ਼ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ ਅਤੇ ਵਿਰੋਧੀ ਉਮੀਦਵਾਰ ਚੌਧਰੀ ਪਰਵੇਜ਼ ਇਲਾਹੀ ਸੁਪਰੀਮ ਕੋਰਟ ਚਲਾ ਗਿਆ ਹੈ। ਸੁਪਰੀਮ ਕੋਰਟ ਨੇ ਪਟੀਸ਼ਨ ਸਵੀਕਾਰ ਕਰ ਕੇ ਡਿਪਟੀ ਸਪੀਕਰ ਅਤੇ ਹਮਜ਼ਾ ਨੂੰ ਨੋਟਿਸ ਜਾਰੀ ਕੀਤੇ ਹਨ, ਜਿਸ ਕਾਰਨ ਵਿਵਾਦ ਵਧਣ ਵਾਲਾ ਜਾਪਦਾ ਹੈ।

ਪੰਜਾਬ ਦੇ ਗਵਰਨਰ ਬਲਿਗਰ ਰਹਿਮਾਨ ਨੇ ਹਮਜ਼ਾ ਸ਼ਰੀਫ ਨੂੰ ਸਹੁੰ ਚੁਕਾਈ।ਪਾਕਿਸਤਾਨ ਦੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਉੱਤੇਪਰਸੋਂ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਅਹੁਦੇ ਦੀ ਚੋਣ ਹੋਈ ਅਤੇ ਹਮਜ਼ਾ ਨੂੰ ਜੇਤੂ ਐਲਾਨਿਆ ਗਿਆ ਸੀ, ਜਦ ਕਿ ਉਸ ਦੀ ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਪਾਰਟੀ ਕੋਲ ਵਿਧਾਨ ਸਭਾ ਵਿੱਚ ਬਹੁਮਤ ਨਹੀਂ ਸੀ। ਡਿਪਟੀ ਸਪੀਕਰ ਦੋਸਤ ਮੁਹੰਮਦ ਮਜ਼ਾਰੀ ਵੱਲੋਂ ਵਿਰੋਧੀ ਉਮੀਦਵਾਰ ਚੌਧਰੀ ਪਰਵੇਜ਼ ਇਲਾਹੀ ਦੀ ਪਾਰਟੀ



ਪਾਕਿਸਤਾਨ ਮੁਸਲਿਮ ਲੀਗ ਕਿਊ ਦੇ 10 ਵੋਟ ਸੰਵਿਧਾਨ ਦੀ ਧਾਰਾ 63-ਏ ਦਾ ਹਵਾਲਾ ਦੇ ਕੇ ਰੱਦ ਕਰ ਦਿੱਤੇ ਸਨ।ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਅਤੇ ਉਨ੍ਹਾਂ ਦੀ ਭਾਈਵਾਲ ਪੀਐਮ ਐਲ ਕਿਊ ਦੇ ਮੈਂਬਰਾਂ ਨੇ ਡਿਪਟੀ ਸਪੀਕਰ ਦੇ ਫੈਸਲੇ ਦਾ ਵਿਰੋਧ ਕੀਤਾ। ਇਹ ਦੂਜੀ ਵਾਰ ਹੈ ਕਿ ਹਮਜ਼ਾ ਨੇ ਪਰਵੇਜ਼ ਇਲਾਹੀ ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਮੁਕਾਬਲੇ ਵਿੱਚ ਹਰਾਇਆ ਹੈ। ਉਹ 16 ਅਪਰੈਲ ਨੂੰ ਜੇਤੂ ਐਲਾਨੇ ਗਏ ਸਨ, ਪਰ ਓਦੋਂ ਦੇ ਗਵਰਨਰ ਉਮਰ ਸਰਫਰਾਜ਼ ਚੀਮਾ ਨੇ ਉਸ ਨੂੰ ਸਹੁੰ ਚੁਕਾਉਣ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿੱਚ ਲਾਹੌਰ ਹਾਈ ਕੋਰਟ ਦੇ ਨਿਰਦੇਸ਼ਾਂ ਉੱਤੇ ਨੈਸ਼ਨਲ ਅਸੈਂਬਲੀ ਦੇ ਸਪੀਕਰ ਰਾਜਾ ਪਰਵੇਜ਼ ਅਸ਼ਰਫ ਨੇ ਹਮਜ਼ਾ ਨੂੰ ਸਹੁੰ ਚੁਕਾਈ ਸੀ।

ਪੀ ਟੀ ਆਈ ਪਾਰਟੀ ਦੇ ਚੇਅਰਮੈਨ ਇਮਰਾਨ ਖਾਨ ਨੇ ਹਮਜ਼ਾ ਦੀ ਜਿੱਤ ਉੱਤੇ ਹੈਰਾਨੀ ਪ੍ਰਗਟ ਕਰਦਿਆਂ ਆਸ ਪ੍ਰਗਟ ਕੀਤੀ ਕਿ ਸੁਪਰੀਮ ਕੋਰਟ ਇਨਸਾਫ ਕਰੇਗੀ ਅਤੇ ਪਾਰਟੀ ਦਾ ਫਤਵੇ ਚੁਰਾਉਣ ਵਾਲਿਆਂ ਉੱਤੇ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ, ‘ਜਿਵੇਂ ਬੱਕਰੀਆਂ ਤੇ ਭੇਡਾਂ ਵੇਚੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਪਾਰਲੀਮੈਂਟ ਮੈਂਬਰ ਮੇਰੇ ਖਿਲਾਫ ਭਰੋਸੇ ਦੇ ਵੋਟ ਸਮੇਂ ਵਿਕੇ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਚੋਣ ਸਮੇਂ ਵੀ ਇੰਝ ਹੀ ਹੋਇਆ ਹੈ।' ਉਨ੍ਹਾਂ ਨੌਜਵਾਨਾਂ ਸਮੇਤ ਲੋਕਾਂ ਨੂੰ ਦੇਸ਼ ਭਰ ਵਿੱਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਹੈ।

# ਕਾਂਗਰਸ ਵੱਲੋਂ ਦੋਸ਼, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦੀ ਧੀ ਦਾ ਗੋਆ ਵਿੱਚ ਗੈਰ ਕਾਨੂੰਨੀ ਬਾਰ ਚੱਲਦੈ

ਨਵੀਂ ਦਿੱਲੀ, 24 ਜੁਲਾਈ (ਪੋਸਟ ਬਿਊਰੋ)- ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦੀ ਧੀ ਗੋਆ ਵਿੱਚ ਗੈਰ ਕਾਨੂੰਨੀ ਬਾਰ ਚਲਾ ਰਹੀ ਹੈ ਤੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੂੰ ਇਰਾਨੀ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ,ਪਰ ਸਮ੍ਰਿਤੀ ਇਰਾਨੀ ਦੀ ਧੀ ਦੀ ਵਕੀਲ ਕੀਰਤ ਨਾਗਰਾ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਉਸ ਨੇ ਕਿਹਾ ਕਿ ਕੇਂਦਰੀ ਮੰਤਰੀ ਦੀ ਧੀ ਜ਼ੋਇਸ਼ ਨਾ ‘ਸਿਲੀ ਸੋਲਜ਼ ਗੋਆ' ਨਾਂਅ ਦੇ ਇਸ ਰੇਸਤਰਾਂ ਦੀ ਮਾਲਕ ਹੈ ਤੇ ਨਾ ਇਸ ਨੂੰ ਚਲਾ ਰਹੀ ਹੈ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਨ੍ਹਾਂ ਨੂੰ ਪ੍ਰਸ਼ਾਸਨ ਤੋਂ ਨੋਟਿਸ ਮਿਲਿਆ ਹੈ। ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦੇ ਕੇ ਕੀਰਤ ਨਾਗਰਾ ਨੇ ਕਿਹਾ, ‘‘ਇਹ ਮੰਦਭਾਗਾ ਹੈ ਕਿ ਉਹ ਬਿਨਾਂ ਕਿਸੇ ਮੁੱਦੇ ਤੋਂ ਝੂਠਾ ਪ੍ਰਚਾਰ ਕਰਦੇ ਹਨ, ਉਹ ਤੱਥਾਂ ਦੀ ਪੁਸ਼ਟੀ ਕੀਤੇ ਬਿਨਾਂ ਗਿਣੇ-ਮਿੱਥੇ ਢੰਗ ਨਾਲ ਕਿਸੇ ਨੂੰ ਸਿਰਫ ਇਸ ਲਈ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿਉਂਕਿ ਉਹ ਇੱਕ ਸਿਆਸੀ ਆਗੂ ਦੀ ਧੀ ਹੈ।''

ਦੂਸਰੇ ਪਾਸੇ ਕਾਂਗਰਸ ਨੇ ਕਿਹਾ ਕਿ ਇਹ ਇੱਕ ਗੰਭੀਰ ਮੁੱਦਾ ਹੈ। ਪਾਰਟੀ ਨੇ ਬਾਰ ਨੂੰ ਮਿਲੇ ਕਾਰਨ ਦੱਸੋ ਨੋਟਿਸ ਦੀ ਕਾਪੀ ਸ਼ੇਅਰ ਕੀਤੀ ਹੈ। ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਕਿਹਾ ਕਿ ਜਿਸ ਐਕਸਾਈਜ਼ ਅਧਿਕਾਰੀ ਨੇ ਨੋਟਿਸ ਜਾਰੀ ਕੀਤਾ ਸੀ, ਦਬਾਅ ਹੇਠ ਉਸ ਦੀ ਬਦਲੀ ਕਰ ਦਿੱਤੀ ਗਈ ਹੈ। ਖੇੜਾ ਨੇ



ਮੀਡੀਆ ਨੂੰ ਕਿਹਾ ਕਿ ਇਰਾਨੀ ਪਰਵਾਰ ਤੇ ਉਸ ਦੀ ਧੀ ਉੱਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਹਨ। ਉਨ੍ਹਾਂ ਦੀ ਧੀ ਗੋਆ ਵਿੱਚ ਰੇਸਤਰਾਂ ਚਲਾ ਰਹੀ ਹੈ, ਜਿਸ ਵਿਚਲਾ ਬਾਰ ਜਾਅਲੀ ਲਾਇਸੰਸ ਉੱਤੇਚੱਲਦਾ ਹੈ।ਖੇੜਾ ਨੇ ਕਿਹਾ, ‘‘ਸਮ੍ਰਿਤੀ ਇਰਾਨੀ ਦੀ ਧੀ ਕੋਲ ਜਿਹੜਾ ਲਾਇਸੰਸ ਹੈ ਉਹ ਉਸ ਵਿਅਕਤੀ ਦੇ ਨਾਂਅਹੈ, ਜਿਸ ਦੀ ਮਈ 2021 ਵਿੱਚ ਮੌਤ ਹੋ ਚੁੱਕੀ ਹੈ ਤੇ ਇਹ ਲਾਇਸੈਂਸ ਗੋਆ ਵਿੱਚ ਜੂਨ 2022 ਵਿੱਚ ਜਾਰੀ ਹੋਇਆ ਹੈ, ਪਰ ਜਿਸ ਦੇ ਨਾਂਅ ਉੱਤੇ ਲਾਇਸੰਸ ਹੈ, ਉਸ ਦੀ 13 ਮਹੀਨੇ ਪਹਿਲਾਂ ਮੌਤ ਹੋ ਚੁੱਕੀ ਹੈ, ਇਸ ਤਰ੍ਹਾਂ ਇਹ ਗੈਰ ਕਾਨੂੰਨੀ ਹੈ।'' ਉਨ੍ਹਾਂ ਕਿਹਾ ਕਿ ਗੋਆ ਦੇ ਨਿਯਮਾਂ ਮੁਤਾਬਕ ਇੱਕ ਰੇਸਤਰਾਂ ਸਿਰਫ ਇੱਕੋ ਬਾਰ ਲਾਇਸੰਸ ਲੈ ਸਕਦਾ ਹੈ, ਪਰ ਇਸ ਰੇਸਤਰਾਂ ਕੋਲ ਦੋ ਲਾਇਸੈਂਸ ਹਨ। ਕੇਂਦਰੀ ਮੰਤਰੀ ਇਰਾਨੀ ਵੱਲੋਂ ਰਾਹੁਲ ਗਾਂਧੀ ਉੱਤੇ ਨਿਸ਼ਾਨਾ ਕੱਸਣ ਬਾਰੇ ਪੁੱਛੇ ਜਾਣ ਉੱਤੇ ਖੇੜਾ ਨੇ ਕਿਹਾ ਕਿ ਇੱਕ ਅਖਬਾਰ ਚਲਾਉਣ ਜਿਹੇ ਚੰਗੇ ਕੰਮ ਤੇ ਗੋਆ ਵਿੱਚ ਗੈਰ ਕਾਨੂੰਨੀ ਬਾਰ ਚਲਾਉਣ ਵਿੱਚ ਫਰਕ ਹੈ। ਖੇੜਾ ਨੇ ਸਵਾਲ ਕੀਤਾ, ‘‘ਇਸ ਗੈਰ ਕਾਨੂੰਨੀ ਕੰਮ ਪਿੱਛੇ ਕੌਣ ਹੈ''।

ਇਸ ਦੇ ਬਾਅਦ ਸਮ੍ਰਿਤੀ ਇਰਾਨੀ ਦੀ ਧੀ ਦੀ ਵਕੀਲ ਨੇ ਦੱਸਿਆ ਕਿ ਜ਼ੋਇਸ਼ ਅਠਾਰਾਂ ਸਾਲ ਦੀ ਲੜਕੀ ਅਤੇ ਉਭਰਦੀ ਹੋਈ ਸ਼ੈਫ ਹੈ। ਉਸ ਨੇ ਖਾਣਾ ਬਣਾਉਣ ਦੀ ਕਲਾ ਸਿੱਖਣ ਲਈ ਕਈ ਥਾਂ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਉਚੇਰੀ ਪੜ੍ਹਾਈ ਦੀ ਤਿਆਰੀ ਕਰ ਰਹੀ ਹੈ।ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਤੋਂ ਮੰਗ ਕਰਦੇ ਹਨ ਕਿ ਸਮ੍ਰਿਤੀ ਇਰਾਨੀ ਨੂੰ ਕੈਬਨਿਟ ਤੋਂ ਬਰਖਾਸਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਏਦਾਂ ਦਾ ਗੈਰ ਕਾਨੂੰਨੀ ਕੰਮ ਕੇਂਦਰੀ ਦੀ ਸੀਨੀਅਰ ਮੰਤਰੀ ਦੇ ਰਸੂਖ ਤੋਂ ਬਿਨਾਂ ਨਹੀਂ ਹੋ ਸਕਦਾ। ਰਮੇਸ਼ ਨੇ ਕਿਹਾ ਕਿ ਸਮ੍ਰਿਤੀ ਇਰਾਨੀ ਰਾਹੁਲ ਗਾਂਧੀ ਬਾਰੇ ਹਰ ਤਰ੍ਹਾਂ ਦੇ ਸਵਾਲਪੁੱਛਦੀ ਹੈ, ‘‘ਪਰ ਅਸੀਂ ਉਨ੍ਹਾਂ ਤੋਂ ਪੁੱਛਦੇ ਹਾਂ ਕਿ ਅਸੀਂ ਸਿਰਫ ਅਖਬਾਰ ਚਲਾ ਰਹੇ ਹਾਂ, ਤੁਸੀਂ ਗੈਰ ਕਾਨੂੰਨੀ ਬਾਰ ਚਲਾ ਰਹੇ ਹੋ।'' ਖੇੜਾ ਨੇ ਦੋਸ਼ ਲਾਇਆ ਕਿ ਬਾਰ ਦੁਆਲੇ ਪ੍ਰਾਈਵੇਟ ਗਾਰਡ ਤੈਨਾਤ ਕਰ ਦਿੱਤੇ ਹਨ ਤਾਂ ਕਿ ਮੀਡੀਆ ਨੂੰ ਦੂਰ ਰੱਖ ਸਕਣ।ਪਵਨ ਖੇੜਾ ਨੇ ਮਗਰੋਂ ਟਵੀਟ ਕਰ ਕੇ ਸਵਾਲ ਕੀਤਾ, ‘‘ਕਿਹੜੀ ਸਮ੍ਰਿਤੀ ਇਰਾਨੀ ਝੂਠ ਬੋਲ ਰਹੀਹੈ? ਉਹ ਜਿਹੜੀ 14 ਅਪ੍ਰੈਲ 2022 ਨੂੰ ਆਪਣੀ ਧੀ ਦੇ ਰੇਸਤਰਾਂ ਉੱਤੇ ਮਾਣ ਕਰਦੀ ਸੀ ਜਾਂ ਉਹ ਜਿਹੜੀ ਕਹਿੰਦੀ ਹੈ ਕਿਉਸ ਦੀ ਧੀ ਦਾ ਸਿਲੀ ਸੋਲਜ਼ ਬਾਰ ਐਂਡ ਕੈਫੇ ਨਾਲ ਕੋਈ ਲੈਣਾ-ਦੇਣਾ ਨਹੀਂ।''

ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਧੀ ਉਤੇ ਲੱਗੇ ਦੋਸ਼ਾਂ ਨੂੰ ਮੰਦਭਾਵਨਾ ਤੋਂ ਪ੍ਰੇਰਿਤ ਦੱਸ ਕੇ ਕਿਹਾ ਕਿ ਉਹ ਅਦਾਲਤ ਤੇ ਲੋਕਾਂ ਦੀ ਕਚਹਿਰੀ ਵਿੱਚ ਜਾ ਕੇ ਜਵਾਬ ਮੰਗੇਗੀ। ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥਣ ਨੂੰ ਇਸ ਕਰ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।



# ਜਿਲ੍ਹਾ ਪਠਾਨਕੋਟ ਨੂੰ ਮਿਲਿਆ ਕੰਜਿਊਮਰ ਕੋਰਟ ਦਾ ਤੋਹਫਾ: ਲਾਲ ਚੰਦ ਕਟਾਰੂਚੱਕ

* ਕਿਹਾ, ਪੰਜਾਬ ਸਰਕਾਰ ਜਨਤਾ ਨਾਲ ਕੀਤਾ ਹਰੇਕ ਵਾਅਦਾ ਕਰ ਰਹੀ ਹੈ ਪੂਰਾ

ਪਠਾਨਕੋਟ, 24 ਜੁਲਾਈ (ਰਾਜਿੰਦਰ ਸਿੰਘ ਰਾਜਨ) ਜਿਲ੍ਹਾ ਪਠਾਨਕੋਟ ਦੀ ਲੰਮੇ ਸਮੇਂ ਤੋਂ ਇੱਕ ਮੰਗ ਸੀ ਕਿ ਜਿਲ੍ਹਾ ਪਠਾਨਕੋਟ ਵਿੱਚ ਕਨਜਿਊਮਰ ਕੋਰਟ ਹੋਣਾ ਚਾਹੀਦਾ ਹੈ ਕਿਉਕਿ ਆਮ ਕਰਕੇ ਲੋਕਾਂ ਨੂੰ ਕਨਜਿਊਮਰ ਕੋਰਟ ਦੇ ਲਈ ਜਿਲ੍ਹਾ ਗੁਰਦਾਸਪੁਰ ਜਾਣਾ ਪੈਂਦਾ ਸੀ ਅਤੇ ਅੱਜ ਇਹ ਹੋਰ ਵੀ ਵੱਡੀ ਖੁਸੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਤਿੰਨ ਜਿਲਿਆ ਨੂੰ ਕਨਜਿਊਮਰ ਕੋਰਟ ਦਾ ਤੋਹਫਾ ਮਿ-ਲਆ ਹੈ ਜਿਸ ਵਿੱਚ ਜਿਲ੍ਹਾ ਫਾਜਿਲਕਾ, ਜਿਲ੍ਹਾ ਮਲੇਰਕੋਟਲਾ ਅਤੇ ਜਿਲ੍ਹਾ ਪਠਾਨਕੋਟ ਸਾਮਲ ਹੈ , ਜਿਲ੍ਹਾ ਪਠਾਨਕੋਟ ਨੂੰ ਅੱਜ ਕਨਜਿਊਮਰ ਕੋਰਟ ਦਾ ਤੋਹਫਾ ਦਿੱਤਾ ਗਿਆ ਹੈ ਅਤੇ ਜਿਲ੍ਹਾ ਪਠਾਨਕੋਟ ਲਈ ਕਨਜਿਊਮਰ ਕੋਰਟ ਮਨਜੂਰੀ ਦੇ ਦਿੱਤੀ ਗਈ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਜਿਲ੍ਹਾ ਬਾਰ ਐਸੋਸੀਏਸਨ ਪਠਾਨਕੋਟ ਵੱਲੋਂ ਕੋਰਟ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਆਯੋਜਿਤ ਇੱਕ ਸਮਾਰੋਹ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਐਡਵੋਕੇਟ ਰਵਿੰਦਰ ਸਿੰਘ ਠਾਕੁਰ ਪ੍ਰਧਾਨ ਬਾਰ ਐਸੋਸੀਏਸਨ ਪਠਾਨਕੋਟ, ਐਡਵੋਕੇਟ ਸੁਲੱਖਣ ਸਿੰਘ ਉਪ ਪ੍ਰਧਾਨ, ਐਡਵੋਕੇਟ ਅਕਸਿਤ ਮੋਦਗਿੱਲ ਸਕੱਤਰ, ਐਡਵੋਕੇਟ ਸਿਮਰਨਜੀਤ ਕੋਰ ਖਜਾਨਚੀ, ਐਡਵੋਕੇਟ ਗੁਰਵਿੰਦਰ ਸਿੰਘ, ਐਡਵੋਕੇਟ ਸਤੀਸ ਸੈਣੀ, ਐਡਵੋਕੇਟ ਰਜਿੰਦਰ ਸਰਮਾ, ਐਡਵੋਕੇਟ ਗੋਰਵ ਠਾਕੁਰ, ਐਡਵੋਕੇਟ ਵਿਨੋਦ ਸਰਮਾ, ਐਡਵੋਕੇਟ ਏ.ਸੀ. ਸੁਕਲਾ, ਐਡਵੋਕੇਟ ਐਮ.ਐਸ. ਠਾਕਰ, ਐਡਵੋਕੇਟ ਮਾਸਟਰ ਮੋਹਣ ਲਾਲ, ਐਡਵੋਕੇਟ ਜੋਤੀ ਪਾਲ, ਐਡਵੋਕੇਟ ਭਾਰਤ ਭੂਸਣ, ਐਡਵੋਕੇਟ ਰਾਮੇਸ ਕੁਮਾਰ, ਐਡਵੋਕੇਟ ਆਰ.ਐਸ. ਬਾਜਵਾ, ਐਡਵੋਕੇਟ ਸੰਜੀਵ ਮਹਾਜਨ ਅਤੇ ਹੋਰ ਬਾਰ ਮੈਂਬਰ ਹਾਜਰ ਸਨ।

ਸਮਾਰੋਹ ਦੋਰਾਨ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਸੱਤਾ ਵਿੱਚ ਆਉਂਣ ਤੋਂ ਪਹਿਲਾ ਉਹ ਐਡਵੋਕੇਟਸ ਨੂੰ ਮਿਲੇ ਅਤੇ ਉਨ੍ਹਾਂ ਦੇ ਧਿਆਨ ਵਿੱਚ ਇਹ ਗੱਲ ਆਈ ਸੀ ਕਿ ਜਿਲ੍ਹਾ ਪਠਾਨਕੋਟ ਵਿੱਚ ਕਨਜਿਊਮਰ ਕੋਰਟ ਨਾ ਹੋਣ ਕਰਕੇ ਲੋਕਾਂ ਨੂੰ ਬਹੁਤ ਹੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਵੱਲੋਂ ਇੱਹ ਗੱਲ ਸਰਕਾਰ ਅੱਗੇ ਰੱਖੀ , ਇਸ ਦੇ ਨਾਲ ਹੀ ਬਾਰ ਐਸੋਸੀਏਸਨ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਜਿਲ੍ਹਾ ਪਠਾਨਕੋਟ ਵਿੱਚ ਕਨਜਿਊਮਰ ਕੋਰਟ ਹੋਣੀ ਚਾਹੀਦੀ ਹੈ ਅਤੇ ਅੱਜ ਬਹੁਤ ਹੀ ਖੁਸੀ ਦਾ ਮੋਕਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਜਿਲ੍ਹਾ ਪਠਾਨਕੋਟ ਨੂੰ ਕਨਜਿਊਮਰ ਕੋਰਟ ਦੀ ਮਨਜੂਰੀ ਦੇ ਕੇ ਇੱਕ ਬਹੁਤ ਵੱਡਾ ਤੋਹਫਾ ਦਿੱਤਾ ਹੈ। ਹੁਣ ਉਪਭੋਗਤਾਵਾਂ ਨੂੰ ਅਪਣੇ ਕਾਰਜਾਂ ਲਈ ਜਿਲ੍ਹਾ ਗੁਰਦਾਸਪੁਰ ਦੇ ਚੱਕਰ ਨਹੀਂ ਲਗਾਉਂਣੇ ਪੈਣਗੇ ਅਤੇ ਕਨਜਿਊਮਰ ਕੋਰਟ ਸਬੰਧੀ ਸਾਰੇ ਕੇਸਾਂ ਦਾ ਨਿਪਟਾਰਾ ਹੁਣ ਜਿਲ੍ਹਾ ਪਠਾਨਕੋਟ ਵਿੱਚ ਹੀ ਹੋਇਆ ਕਰੇਗਾ। ਉਨ੍ਹਾਂ ਕਿਹਾ ਕਿ ਹੁਣ ਬਾਰ ਐਸੋਸੀਏਸਨ ਵੱਲੋਂ ਹੁਣ ਉਨ੍ਹਾਂ ਦੇ ਧਿਆਨ ਵਿੱਚ ਲਿਆਉਂਦਾ ਗਿਆ ਹੈ ਕਿ ਕੋਰਟ ਕੰਪਲੈਕਸ ਅੰਦਰ ਵਕੀਲਾਂ ਦੇ ਚੈਂਬਰ ਅਤੇ ਪਾਰਕਿੰਗ ਦੀ ਬਹੁਤ ਵੱਡੀ ਸਮੱਸਿਆ ਹੈ, ਉਨ੍ਹਾਂ ਵੱਲੋਂ ਇਨ੍ਹਾਂ ਸਮੱਸਿਆਵਾਂ ਨੂੰ ਸਰਕਾਰ ਦੇ ਸਾਹਮਣੇ ਰੱਖਾਂਗੇ ਜਾਵੇਗਾ ਅਤੇ ਜਲਦੀ ਹੀ ਬਣਦੀ ਕਾਰਵਾਈ ਤੇ ਵਿਚਾਰ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾਂ ਵਿੱਚ ਆਉਂਦਿਆ ਸੀ ਸਭ ਤੋਂ ਪਹਿਲਾ ਨੋਜਵਾਨਾਂ ਨੂੰ ਨੋਕਰੀਆਂ ਦੇਣ ਦਾ ਜੋ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕਰਦਿਆਂ 26554 ਨੋਕਰੀਆਂ ਨੂੰ ਮਨਜੂਰੀ ਦੇ ਕੇ ਅਪਣਾ ਵਾਅਦਾ ਪੂਰਾ ਕੀਤਾ। ਇਸ ਤੋਂ ਇਲਾਵਾ ਚਾਹੇ ਲੋਕਾਂ ਨੂੰ ਬਿਜਲੀ ਦੇ ਫ੍ਰੀ ਯੂਨਿਟ ਦੇਣ ਦੀ ਗੱਲ ਹੋਵੇ ਉਹ ਵੀ ਪੂਰੀ ਕੀਤੀ , ਬਹੁਤ ਹੀ ਜਲਦੀ ਲੱਖਾਂ ਲੋਕਾਂ ਦੇ ਬਿਜਲੀ ਬਿੱਲ ਜੀਰੋ ਆਉਂਣਗੇ। ਉਨ੍ਹਾਂ ਕਿਹਾ ਕਿ ਇਹ ਵੀ ਬਹੁਤ ਵੱਡੀ ਰਾਹਤ ਲੋਕਾਂ ਲਈ ਹੋਵੇਗੀ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਵੀ ਕੀੜੀ ਪੱਤਨ ਅਤੇ ਮਕੋੜਾ ਪੱਤਨ ਤੇ ਜੋ ਨਵੇਂ ਪੁਲ ਬਣਾਉਣ ਜਾ ਰਹੇ ਹਨ, ਇਹ ਵੀ ਜਿਲ੍ਹਾ ਪਠਾਨਕੋਟ ਦੇ ਲੋਕਾਂ ਲਈ ਇੱਕ ਬਹੁਤ ਹੀ ਵੱਡੀ ਰਾਹਤ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਆਉਂਣ ਵਾਲੇ ਦਿਨ੍ਹਾਂ ਵਿੱਚ ਪਿੰਡ ਕੋਠੀ ਪੰਡਿਤਾਂ ਨਜਦੀਕ ਜੋ ਵਣ ਵਿਭਾਗ ਦੀ ਜਮੀਨ ਹੈ ਉਸ ਤੇ ਵੀ ਲੋਕਾਂ ਦੇ ਲਈ ਇੱਕ ਬਹੁਤ ਹੀ ਵਧੀਆ ਪਾਰਕ ਦਾ ਨਿਰਮਾਣ ਕੀਤਾ ਜਾਣਾ ਹੈ ਜੋ ਜਿਲ੍ਹਾ ਪਠਾਨਕੋਟ ਲਈ ਇੱਕ ਬਹੁਤ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਫੰਗੋਤਾ ਖੇਤਰ ਨੂੰ ਟੂ-ਰਿਸਟ ਹੱਬ ਲਈ ਵਿਕਸਿਤ ਕੀਤਾ ਜਾ ਰਿਹਾ ਹੈ ਜੋ ਪੂਰੀ ਦੁਨਿਆ ਅੰਦਰ ਜਿਲ੍ਹਾ ਪਠਾਨਕੋਟ ਨੂੰ ਇੱਕ ਵੱਖਰੀ ਪਹਿਚਾਣ ਦੇਵੇਗਾ ਅਤੇ ਜਿਲ੍ਹਾ ਪਠਾਨਕੋਟ ਦੇ ਲੋਕਾਂ ਲਈ ਹੋਰ ਵੀ ਰੁਜਗਾਰ ਦੇ ਮੋਕੇ ਪੈਦਾ ਹੋਣਗੇ।

ਉਨ੍ਹਾਂ ਕਿਹਾ ਕਿ ਉਨ੍ਹਾ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਕਿ ਜਿਲ੍ਹਾ ਪਠਾਨਕੋਟ ਅੰਦਰ ਲੀਚੀ ਜੋਨ ਬਣਾਇਆ ਗਿਆ ਹੈ, ਕਿਉਕਿ ਪੂਰੇ ਪੰਜਾਬ ਅੰਦਰ ਜਿਨ੍ਹੀ ਲੀਚੀ ਦੀ ਪੈਦਾਵਾਰ ਕੀਤੀ ਜਾਂਦੀ ਹੈ ਉਸ ਵਿੱਚ 68 ਪ੍ਰਤੀਸਤ ਲੀਚੀ ਜਿਲ੍ਹਾ ਪਠਾਨਕੋਟ ਅੰਦਰ ਪੈਦਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇੱਕ ਹੋਰ ਖੁਸੀ ਦੀ ਗੱਲ ਹੈ ਕਿ ਪੰਜਾਬ ਅੰਦਰ ਦੋ ਫੂਡ ਪ੍ਰੋਸੈਸਿੰਗ ਪਲਾਂਟ ਲਗਾਏ ਜਾਣੇ ਹਨ ਜਿਨ੍ਹਾਂ ਵਿੱਚ ਇੱਕ ਫੂਡ ਪ੍ਰੋਸੈਸਿੰਗ ਪਲਾਂਟ ਜਿਲ੍ਹਾ ਹੁਸਿਆਰਪੁਰ ਵਿੱਚ ਅਤੇ ਦੂਸਰਾ ਜਿਲ੍ਹਾ ਪਠਾਨਕੋਟ ਅੰਦਰ ਲਗਾਇਆ ਜਾਣਾ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਨੂੰ ਲੀਚੀ ਦੀ ਪੈਦਾਵਾਰ ਵਿੱਚ ਆਉਂਣ ਵਾਲੇ ਸਮੇਂ ਦੋਰਾਨ ਜਿਲ੍ਹਾ ਪਠਾਨਕੋਟ ਇੱਕ ਵੱਖਰੀ ਪਹਿਚਾਣ ਬਣਾਏਗਾ।

ਉਨ੍ਹਾਂ ਕਿਹਾ ਕਿ ਭਾਵੇ ਕਿ ਉਨ੍ਹਾਂ ਨੂੰ ਰੁਝੇਵਿਆ ਕਾਰਨ ਜਿਆਦਾਤਰ ਚੰਗੀਗੜ੍ਹ ਰਹਿੰਣਾ ਪੈਂਦਾ ਹੈ ਪਰ ਫਿਰ ਵੀ ਉਨ੍ਹਾਂ ਦੀ ਕੋਸਿਸ ਰਹਿੰਦੀ ਹੈ ਕਿ ਸਨੀਵਾਰ ਅਤੇ ਐਤਵਾਰ ਦਾ ਦਿਨ ਉਹ ਅਪਣੇ ਜਿਲ੍ਹਾ ਪਠਾਨਕੋਟ ਵਿੱਚ ਰਹਿਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਉਮੀਦਾਂ ਨਾਲ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਵਿੱਚ ਲਿਆਉਂਦਾ ਸੀ ਉਸ ਅਧੀਨ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

Looking Suitable Girl for Punjabi Lubhana Sikh boy, 29 Years old, 5"9' height, Canadian Citizen, settled in Toronto. Please contact Ajay at (647) 859-2018

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






# ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



ਪੰਜਾਬੀ ਮਾਂ ਬੋਲੀ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਸਾਡਾ ਵਿਰਸਾ ਸਾਡੀ ਪਹਿਚਾਣ ਤੇ ਸਾਡਾ ਪੰਜਾਬ ਦੇ ਬੈਨਰ ਹੇਠ ਇੱਕ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਔਕਸ ਫੋਰਡ ਸਕੂਲ ਕੋਟਲੀ ਮੁਗਲਾਂ ਵਿਖੇ ਪ੍ਰਿੰਸੀਪਲ ਪ੍ਰੀਤੀ ਸੈਣੀ ਅਤੇ ਮੈਡਮ ਮੀਰਾਂ ਭਲਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ।

ਸਮਾਜ ਸੇਵਾ ਸੰਸਥਾ ਪਬਲਿਕ ਵਿਕਾਸ ਕੌਂਸਲ ਅਤੇ ਰੋਡ ਸੇਫਟੀ ਐਂਡ ਚੈਰੀਟੇਬਲ ਸੋਸਾਇਟੀ ਐਨ ਜੀ ਓ ਵਲੋਂ ਕਰਵਾਏ ਗਏ ਇਸ ਸਭਿਆਚਾਰਕ ਪ੍ਰੋਗਰਾਮ ਦਾ ਮੁੱਖ ਮੰਤਵ ਪੰਜਾਬੀ ਮਾਂ ਬੋਲੀ ਨੂੰ ਉਭਾਰਨ ਤੇ ਪੰਜਾਬੀ ਵਿਰਸਾ ਦੀ ਸਾਂਭ ਸੰਭਾਲ ਤੇ ਨੌਜਵਾਨ ਪੀੜੀ ਨੂੰ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਵਿਰਸ਼ੇ ਨਾਲ ਜੋੜਨ ਲਈ ਤੇ ਨੌਜਵਾਨ ਪੀੜੀ ਨੂੰ ਸਮਾਜਿਕ ਕੁਰੀਤੀਆਂ ਦੇ ਬੁਰੇ ਪ੍ਰਭਾਵਾਂ ਤੇ ਦੂਰ ਰੱਖਣ ਤੇ ਨਸ਼ਿਆਂ ਪ੍ਰਤੀ ਜਾਗੂਰਕ ਕਰਨ ਸੀ। ਇਸ ਮੌਕੇ ਉਕੱਤ ਸੰਸਥਾ ਦੀ ਰਾਸ਼ਟਰੀਆ ਚੈਅਰਪਰਸਨ ਇੰਟਰਨੈਸਨਲ ਵੂਮੈਨ ਐਵਾਰਡ ਵਿਜੇਤਾ ਮੈਡਮ ਨਿਰਮਲ ਜੀਤ ਕੌਰ, ਗੀਤਕਾਰ ਤੇ ਲੇਖ਼ਕ ਸਮਾਜ ਸੇਵੀ ਨਿੰਦੀ ਮੰਗਿਆਲ, ਕਲਾਕਾਰ ਰਿਹਾਨ ਸਮਾਰਤੀ, ਸਿੰਗਰ ਸੇਵਿਆਰ, ਮਨਦੀਪ, ਬਿੱਟੂ ਦੀਨਾ ਨਾਗਰੀ, ਸਤਨਾਮ ਸੱਤਾ, ਜਸ਼ਬੀਰ ਜਸ਼ੀ, ਗੀਤਕਾਰ ਹਰਬੰਸ ਕਮਲ, ਬਲਬੀਰ ਬੀਰਾ, ਗਾਇਕ ਰਾਜਨ ਤੇ ਸਕੂਲ ਸਟਾਫ ਮੌਜੂਦ ਸੀ। ਇਸ ਮੌਕੇ ਸਕੂਲ ਦੀ ਪ੍ਰਿਸੀਪਲ ਮੈਡਮ ਪ੍ਰੀਤਿ ਸੈਣੀ ਤੇ ਸਮੂਹ ਸਟਾਫ ਬੱਚਿਆਂ ਨੇ ਉਕੱਤ ਸਮੂਹ ਨੂੰ ਜੀ ਆਇਆਂ ਕਿਹਾ।







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017